# ਦਫਤਰ ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ.ਨਗਰ

ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ.ਨਗਰ ਦੀ ਸਧਾਰਨ ਮੀਟਿੰਗ ਮਿਤੀ 24/10/2019 ਨੂੰ ਸਵੇਰੇ 11:00 ਵਜੇ ਸ੍ਰੀ ਕੁਲਵੰਤ ਸਿੰਘ, ਮੇਅਰ, ਨਗਰ ਨਿਗਮ, ਐਸ.ਏ.ਐਸ.ਨਗਰ ਜੀ ਦੀ ਪ੍ਰਧਾਨਗੀ ਹੇਠ ਮਿਉਂਸਪਲ ਭਵਨ, ਸੈਕਟਰ 68 ਵਿਖੇ ਹੋਈ ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਂਬਰ ਸਾਹਿਬਾਨ ਹਾਜ਼ਰ ਆਏ :-

| ਲੜੀ ਨੰ: | ਕੌਂਸਲਰ ਦਾ ਨਾਮ | ਲੜੀ ਨੰ: | ਕੌਂਸਲਰ ਦਾ ਨਾਮ | ਲੜੀ ਨੰ: | ਕੌਂਸਲਰ ਦਾ ਨਾਮ |
|---|---|---|---|---|---|
| 1 | ਸ੍ਰੀ ਰਿਸ਼ਵ ਜੈਨ,ਸੀਨੀਅਰ ਡਿਪਟੀ ਮੇਅਰ | 17 | ਸ੍ਰੀਮਤੀ ਸੁਰਜੀਤ ਕੌਰ ਸੋਢੀ, ਮੈਂਬਰ ਵਾਰਡ ਨੰ:22 | 33 | ਸ੍ਰੀ ਅਮਰੀਕ ਸਿੰਘ ਸੋਮਲ, ਮੈਂਬਰ ਵਾ.ਨੰ.44 |
| 2 | ਸ੍ਰੀ ਮਨਜੀਤ ਸਿੰਘ ਸੇਠੀ, ਡਿਪਟੀ ਮੇਅਰ | 18 | ਸ੍ਰੀ ਸਤਵੀਰ ਸਿੰਘ ਧਨੋਆ, ਮੈਂਬਰ ਵਾਰਡ ਨੰ.23 | 34 | ਸ੍ਰੀ ਸੁਰਿੰਦਰ ਸਿੰਘ ਰਾਜਪੂਤ,ਮੈਂਬਰ ਵ.ਨੰ.45 |
| 3 | ਸ੍ਰੀ ਰਾਜਿੰਦਰ ਪ੍ਰਸਾਦ, ਮੈਂਬਰ ਵਾਰਡ ਨੰ:1 | 19 | ਸ੍ਰੀ ਕਮਲਜੀਤ ਸਿੰਘ ਰੂਬੀ, ਮੈਂਬਰ ਵਾਰਡ ਨੰ:24 | 35 | ਸ੍ਰੀਮਤੀ ਰਾਜਿੰਦਰ ਕੌਰ, ਮੈਂਬਰ ਵਾਰਡ ਨੰ.46 |
| 4 | ਸ੍ਰੀਮਤੀ ਗੁਰਮੀਤ ਕੌਰ, ਮੈਂਬਰ ਵਾਰਡ ਨੰ:4 | 20 | ਸ੍ਰੀ ਸਰਬਜੀਤ ਸਿੰਘ, ਮੈਂਬਰ ਵਾਰਡ ਨੰ.25 | 36 | ਸ੍ਰੀ ਸੁਖਦੇਵ ਸਿੰਘ ਪਟਵਾਰੀ, ਮੈਂਬਰ ਵ.ਨੰ.47 |
| 5 | ਸ੍ਰੀ ਨਿਛੱਤਰ ਸਿੰਘ, ਮੈਂਬਰ ਵਾਰਡ ਨੰ:6 | 21 | ਸ੍ਰੀ ਗੁਰਮੀਤ ਸਿੰਘ ਵਾਲੀਆ,ਮੈਂਬਰ ਵ.ਨੰ.27 | 37 | ਸ੍ਰੀਮਤੀ ਕਰਮਜੀਤ ਕੌਰ, ਮੈਂਬਰ ਵਾਰਡ ਨੰ:48 |
| 6 | ਸ੍ਰੀ ਅਸ਼ੋਕ ਕੁਮਾਰ ਝਾਅ, ਮੈਂਬਰ ਵਾਰਡ ਨੰ:8 | 22 | ਸ੍ਰੀਮਤੀ ਉਪਿੰਦਰ ਪ੍ਰੀਤ ਕੌਰ ਅਰੋੜਾ,ਮੈਂਬਰ ਵ.ਨੰ29 | 38 | ਸ੍ਰੀ ਹਰਪਾਲ ਸਿੰਘ, ਮੈਂਬਰ ਵਾਰਡ ਨੰ:50 |
| 7 | ਸ੍ਰੀ ਅਰੁਣ ਸ਼ਰਮਾ, ਮੈਂਬਰ ਵਾਰਡ ਨੰ:9 | 23 | ਸ੍ਰੀ ਅਮਰੀਕ ਸਿੰਘ, ਮੈਂਬਰ ਵਾਰਡ ਨੰ:30 | | |
| 8 | ਸ੍ਰੀਮਤੀ ਕੁਲਦੀਪ ਕੋਰ ਕੰਗ, ਮੈਂਬਰ ਵ.ਨੰ.10 | 24 | ਸ੍ਰੀਮਤੀ ਰਾਜ ਰਾਣੀ, ਮੈਂਬਰ ਵਾਰਡ ਨੰ.31 | | |
| 9 | ਸ੍ਰੀ ਗੁਰਮੁੱਖ ਸਿੰਘ ਸੋਹਲ,ਮੈਂਬਰ ਵਾਰਡ ਨੰ:11 | 25 | ਸ੍ਰੀ ਜਸਬੀਰ ਸਿੰਘ, ਮੈਂਬਰ ਵਾਰਡ ਨੰ.33 | | |
| 10 | ਸ੍ਰੀਮਤੀ ਜਸਪ੍ਰੀਤ ਕੌਰ,ਮੈਂਬਰ ਵਾਰਡ ਨੰ. 13 | 26 | ਸ੍ਰੀਮਤੀ ਰਜ਼ਨੀ ਗੋਇਲ, ਮੈਂਬਰ ਵਾਰਡ ਨੰ. 34 | | |
| 11 | ਸ੍ਰੀ ਹਰਮਨਪ੍ਰੀਤ ਸਿੰਘ ਪ੍ਰਿੰਸ,ਮੈਂਬਰ ਵਾਰਡ ਨੰ.15 | 27 | ਸ੍ਰੀ ਸ੍ਰਿੰਦਰਪਾਲ ਸਿੰਘ, ਮੈਂਬਰ ਵਾਰਡ ਨੰ.36 | | |
| 12 | ਸ੍ਰੀਮਤੀ ਤਰਨਜੀਤ ਕੌਰ ਗਿੱਲ, ਮੈਂਬਰ ਵਾ ਨੰ:16 | 28 | ਸ੍ਰੀਮਤੀ ਪ੍ਰਕਾਸ਼ ਵਤੀ, ਮੈਂਬਰ ਵਾਰਡ ਨੰ:37 | | |
| 13 | ਸ੍ਰੀ ਕੁਲਜੀਤ ਸਿੰਘ ਬੇਦੀ, ਮੈਂਬਰ ਵਾਰਡ ਨੰ.17 | 29 | ਸ੍ਰੀਮਤੀ ਰਮਨਪ੍ਰੀਤ ਕੌਰ, ਮੈਂਬਰ ਵਾਰਡ ਨੰ:39 | | |
| 14 | ਸ੍ਰੀ ਪਰਮਜੀਤ ਸਿੰਘ ਕਾਹਲੋਂ, ਮੈਂਬਰ ਵਾਰਡ ਨੰ:18 | 30 | ਸ੍ਰੀਮਤੀ ਜ਼ਸਬੀਰ ਕੌਰ ਅੱਤਲੀ,ਮੈਂਬਰ ਵਾ ਨੰ:40 | | |
| 15 | ਸ੍ਰੀਮਤੀ ਹਰਵਿੰਦਰ ਕੌਰ ਲੰਗ,ਮੈਂਬਰ ਵਾਰਡ ਨੰ:19 | 31 | ਸ੍ਰੀ ਸੁਰਿੰਦਰ ਸਿੰਘ, ਮੈਂਬਰ ਵਾਰਡ ਨੰ.41 | | |
| 16 | ਸ੍ਰੀ ਸਾਹਿਬੀ ਆਨੰਦ, ਮੈਂਬਰ ਵਾਰਡ ਨੰ. 20 | 32 | ਸ੍ਰੀਮਤੀ ਕਮਲਜੀਤ ਕੌਰ, ਮੈਂਬਰ ਵਾਰਡ ਨੰ:43 | | |

1) ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਸ੍ਰੀ ਅਮਰੀਕ ਸਿੰਘ, ਮਿਉਂਸਪਲ ਕੌਸਲਰ ਦੀ ਪਤਨੀ ਅਤੇ ਸ੍ਰੀਮਤੀ ਸੁਮਨ, ਮਿਉਂਸਪਲ ਕੌਸਲਰ ਦੀ ਸੱਸ ਦਾ ਪਿਛਲੇ ਦਿਨੀ ਦਿਹਾਂਤ ਹੋਣ ਕਾਰਨ ਉਹਨਾ ਦੀ ਆਤਮਾ ਦੀ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਰੱਖਿਆ ਗਿਆ ਅਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਗਈ ਕਿ ਉਹ ਵਿਛੜੀਆ ਰੂਹਾਂ ਨੂੰ ਆਪਣੇ ਚਰਨਾ ਵਿੱਚ ਨਿਵਾਸ ਬਖਸ਼ੇ ਅਤੇ ਉਹਨਾਂ ਦੇ ਪ੍ਰੀਵਾਰਾ ਨੂੰ ਭਾਣਾ ਮੰਨਣ ਦਾ ਬੱਲ ਦੇਵੇ।

2) ਸ੍ਰੀ ਹਰਮਨਪ੍ਰੀਤ ਸਿੰਘ ਪ੍ਰਿੰਸ, ਮੈਂਬਰ ਵੱਲੋਂ ਕਿਹਾ ਗਿਆ ਕਿ ਜਿੱਥੇ ਸ਼ਹਿਰ ਦਾ ਇਤਨਾ ਵਿਕਾਸ ਕੀਤਾ ਜਾ ਰਿਹਾ ਹੈ, ਉਥੇ ਫੇਜ਼-3ਬੀ1 ਦੇ ਕਮਿਊਨਿਟੀ ਸੈਂਟਰ ਜਿਸ ਦੀ ਹਾਲਤ ਖਸਤਾ ਹੈ, ਨੂੰ ਵੀ ਸੁਧਾਰਿਆ ਜਾਵੇ। ਜਿਸ ਸਬੰਧੀ ਸਬੰਧਤ ਐਸ.ਡੀ.ਓ ਵੱਲੋਂ ਹਾਉਸ ਨੂੰ ਦੱਸਿਆ ਗਿਆ ਕਿ ਇਸਨੂੰ ਤੋੜ ਕੇ ਨਵੇਂ ਸਿਰੇ ਤੋਂ ਬਣਾਇਆ ਜਾਣਾ ਹੈ,ਇਸ ਤੇ ਆਉਣ ਵਾਲਾ ਖਰਚਾ ਸਰਕਾਰ ਤੋਂ ਪ੍ਰਾਪਤ

ਹੋਣ ਵਾਲੇ ਫੰਡਾਂ ਵਿਚੋਂ ਕੀਤਾ ਜਾਣਾ ਹੈ। ਇਸ ਸਬੰਧੀ ਮੇਅਰ,ਨਗਰ ਨਿਗਮ ਜੀ ਵੱਲੋਂ ਕਮਿਸ਼ਨਰ,ਨਗਰ ਨਿਗਮ ਨੂੰ ਕਿਹਾ ਗਿਆ ਕਿ ਸਰਕਾਰ ਨਾਲ ਪੱਤਰ ਵਿਵਹਾਰ ਕਰਕੇ ਜਲਦੀ ਤੋਂ ਜਲਦੀ ਫੰਡ ਉਪਲੱਬਧ ਕਰਵਾਉਣ ਲਈ ਕਾਰਵਾਈ ਕੀਤੀ ਜਾਵੇ।

3) ਸ਼ਹਿਰ ਵਿੱਚ ਅਵਾਰਾ ਕੁਤਿੱਆਂ ਦੇ ਮਸਲੇ ਤੇ ਵਿਚਾਰ-ਵਟਾਦਰਾਂ ਕਰਨ ਉਪਰੰਤ ਫੈਸਲਾ ਕੀਤਾ ਗਿਆ ਕਿ ਕੁੱਤੇ/ਕੁਤਿੱਆਂ ਦੀ ਨਸਬੰਦੀ ਲਈ ਹਫਤੇ ਵਿੱਚ ਦੋ ਦਿਨ ਨਿਸਚਿਤ ਕੀਤੇ ਜਾਣ ਅਤੇ ਹਾਊਸ ਦੀ ਮੀਟਿੰਗ ਮਿਤੀ 24/6/2019 ਵਿੱਚ ਕੁਤਿੱਆ ਦੇ ਹੱਲ ਸਬੰਧੀ ਜੋ ਕਮੇਟੀ ਬਣਾਈ ਗਈ ਸੀ, ਉਹਨਾਂ ਵਿਚੋਂ ਕੋਈ ਦੋ ਮੈਂਬਰ ਇਹਨਾਂ ਦਿਨਾਂ ਵਿੱਚ ਕੀਤੇ ਅਪਰੇਸ਼ਨ ਦੀ ਨਜ਼ਰਸਾਨੀ ਕਰਨਗੇ । ਇਸ ਸਬੰਧੀ ਸਾਰੀ ਕਾਰਵਾਈ ਕਮਿਸ਼ਨਰ,ਨਗਰ ਨਿਗਮ ਜੀ ਵੱਲੋਂ ਕਰਨ ਉਪਰੰਤ ਸਬੰਧਤ ਮਿਉਂਸਪਲ ਕੌਂਸਲਰਾਂ ਨੂੰ ਸੂਚਿਤ ਕਰਨਗੇ।

| Sr. No. | Resolution No. | Date of Meeting | Resolution Description | Orders of Competent Authority ਪ੍ਰਵਾਨਗੀ ਜਨਰਲ ਹਾਊਸ |
|---|---|---|---|---|
| 1 | 560 | 24.10.19 | ਮਿਉਂਸਪਲ ਕਾਰਪੋਰੇਸ਼ਨ ਦੀ ਪਿਛਲੀ ਸਧਾਰਨ ਮੀਟਿੰਗ ਮਿਤੀ 10/09/2019 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ। | ਸਰਬ ਸੰਮਤੀ ਨਾਲ ਪ੍ਰਵਾਨ ਹੈ। |
| 2 | 561 | 24.10.19 | ਰਿਪੋਰਟ ਇੰਜੀਨੀਅਰਿੰਗ ਸ਼ਾਖਾ ਕਿ ਨਗਰ ਨਿਗਮ, ਐਸ.ਏ.ਐਸ.ਨਗਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 10/10/2019 ਨੂੰ ਮੇਅਰ, ਨਗਰ ਨਿਗਮ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਮਤਾ ਨੰਬਰ 1675 ਤੋਂ 1804 ਤੱਕ ਵਿਚਾਰੇ ਗਏ ਹਨ, ਜੋ ਕਿ ਨਗਰ ਨਿਗਮ, ਮੋਹਾਲੀ ਦੀ ਵੈਬਸਾਈਡ www.mcmohali.org ਤੇ ਅਪਲੋਡ ਕਰ ਦਿੱਤੀ ਗਈ ਹੈ। ਹਾਊਸ ਦੀ ਜਾਣਕਾਰੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਪ੍ਰਵਾਨ ਹੈ। |
| 3 | 562 | 24.10.19 | **ਸ੍ਰੀ ਰਾਜਬੀਰ, ਸਫਾਈ ਸੇਵਕ ਨੂੰ ਬਤੌਰ ਸੈਨੇਟਰੀ ਜਮਾਦਾਰ ਪੱਦਉਨਤ ਕਰਨ ਸਬੰਧੀ।**<br><br>ਰਿਪੋਰਟ ਸੁਪਰਡੈਂਟ(ਅਮਲਾ) ਕਿ ਨਗਰ ਨਿਗਮ ਵਿਖੇ ਸੈਨੇਟਰੀ ਜਮਾਦਾਰ ਦੀਆਂ 8 ਅਸਾਮੀਆਂ ਪ੍ਰਵਾਨਤ ਹਨ। ਜਿਨ੍ਹਾਂ ਵਿੱਚੋਂ 6 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 2 ਖਾਲੀਆਂ ਹਨ। ਖਾਲੀ ਪਈਆਂ 2 ਅਸਾਮੀਆਂ ਵਿੱਚੋਂ ਇੱਕ ਅਸਾਮੀ ਤਰੱਕੀ ਰਾਹੀਂ ਭਰਨ ਲਈ ਨਗਰ ਨਿਗਮ ਵੱਲੋਂ ਮਤਾ ਨੰਬਰ 546 ਮਿਤੀ 10/09/2019 ਰਾਹੀਂ ਸ੍ਰੀ ਰਾਕੇਸ਼-2 ਪੁਤੱਰ ਸ੍ਰੀ ਰੈਤੂ ਰਾਮ, ਸਫਾਈ ਸੇਵਕ ਨੂੰ ਅੰਗਹੀਣ ਕੋਟੇ ਅਧੀਨ ਬਤੌਰ ਸੈਨੇਟਰੀ ਜਮਾਦਾਰ ਪੱਦਉਨਤ ਕਰਨ ਲਈ ਪਾਸ ਕਰਕੇ ਸਰਕਾਰ ਨੂੰ ਪ੍ਰਵਾਨਗੀ ਲਈ ਭੇਜਿਆ ਹੋਇਆ ਹੈ। ਇਸ ਤਰ੍ਹਾਂ ਸੈਨੇਟਰੀ ਜਮਾਦਾਰ ਦੀ ਖਾਲੀ ਰਹਿੰਦੀ | ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ। |

| | | | | |
|---|---|---|---|---|
| | | | 1 ਅਸਾਮੀ ਨਗਰ ਨਿਗਮ ਵਿਖੇ ਕੰਮ ਕਰਦੇ ਸਫਾਈ ਸੇਵਕ/ਸੀਵਰਮੈਨ ਵਿੱਚੋਂ ਸੀਨੀਅਰਤਾ ਕਮ ਯੋਗਤਾ ਦੇ ਆਧਾਰ ਤੇ ਭਰੀ ਜਾ ਸਕਦੀ ਹੈ। ਨਗਰ ਨਿਗਮ ਦੀ ਸੈਨੀਟੇਸ਼ਨ ਸ਼ਾਖਾ ਦੀ ਰਿਪੋਰਟ ਅਨੁਸਾਰ ਸਫਾਈ ਸੇਵਕਾਂ ਦੀ ਸੀਨੀਆਰਤਾ ਸੂਚੀ ਅਨੁਸਾਰ ਸਫਾਈ ਸੇਵਕਾਂ ਦੀ ਸੀਨੀਆਰਤਾ ਸੂਚੀ ਵਿੱਚ ਸੱਭ ਤੋਂ ਸੀਨੀਅਰ ਸ੍ਰੀਮਤੀ ਉਸ਼ਾ ਰਾਣੀ, ਸਫਾਈ ਸੇਵਕ ਹਨ। ਪ੍ਰੰਤੂ ਇਸ ਕਰਮਚਾਰਨ ਵੱਲੋਂ ਲਿਖਕੇ ਦਿੱਤਾ ਗਿਆ ਹੈ ਕਿ ਉਹ ਸੈਨੇਟਰੀ ਜਮਾਦਾਰ ਦੀ ਅਸਾਮੀ ਤੇ ਪਦਉਨੱਤੀ ਨਹੀਂ ਲੈਣਾ ਚਾਹੁੰਦੀ ਅਤੇ ਇਸ ਕਰਮਚਾਰਨ ਉਪਰੰਤ ਸੱਭ ਤੋਂ ਸੀਨੀਅਰ ਸਫਾਈ ਸੇਵਕ ਸ੍ਰੀ ਰਾਜਬੀਰ ਹੈ ਅਤੇ ਉਸ ਵੱਲੋਂ ਦਰਖਾਸਤ ਦੇ ਕੇ ਬੇਨਤੀ ਕੀਤੀ ਗਈ ਹੈ ਕਿ ਉਸਨੂੰ ਸਫਾਈ ਸੇਵਕ ਦੀ ਅਸਾਮੀ ਤੋਂ ਬਤੌਰ ਸੈਨੇਟਰੀ ਜਮਾਦਾਰ ਪਦਉਨੱਤ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ। ਸੈਨੀਟੇਸ਼ਨ ਸ਼ਾਖਾ ਵੱਲੋਂ ਆਪਣੀ ਰਿਪੋਰਟ ਵਿੱਚ ਇਹ ਵੀ ਲਿਖਿਆ ਹੈ ਕਿ ਸ੍ਰੀ ਰਾਜਬੀਰ, ਸਫਾਈ ਸੇਵਕ ਪੁੱਤਰ ਸ੍ਰੀ ਹਰੀ ਸਿੰਘ ਦਾ ਕੰਮ-ਕਾਜ ਤਸੱਲੀਬਖਸ਼ ਹੈ। ਇਸ ਲਈ ਸ੍ਰੀ ਰਾਜਬੀਰ, ਸਫਾਈ ਸੇਵਕ ਨੂੰ ਬਤੌਰ ਸੈਨੇਟਰੀ ਜਮਾਦਾਰ ਪੱਦਉਨਤ ਕਰਨ ਲਈ ਕੇਸ ਕਮਿਸ਼ਨਰ,ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਉਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ । | |
| 4 | 563 | 24.10.19 | **ਨਾਈਟ ਸੈਲਟਰ ਵਿਖੇ ਹੋਏ ਸਮਾਗਮ ਤੇ ਆਏ ਖਰਚੇ 1,22,795/- ਦੀ ਪ੍ਰਵਾਨਗੀ ਦੇਣ ਬਾਰੇ।**<br><br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ. ਐਸ.ਨਗਰ ਵੱਲੋਂ ਮਿਤੀ 2/4/2019 ਨੂੰ ਨਾਇਟ ਸੈਲਟਰ ਅਡਾਪਟ ਕਰਨ ਸਬੰਧੀ ਪ੍ਰੋਗਰਾਮ ਕਰਵਾਇਆ ਗਿਆ ਸੀ। ਇਸ ਪ੍ਰੋਗਰਾਮ ਤੇ ਨਗਰ ਨਿਗਮ ਵੱਲੋਂ 1,22,795/- ਰੁਪਏ ਦਾ ਖਰਚਾ ਕੀਤਾ ਜਾ ਚੁੱਕਾ ਹੈ।ਇਸ ਸਬੰਧੀ ਇਸ ਦਫਤਰ ਦੇ ਸੈਨੀਟੇਸ਼ਨ ਵਿੰਗ ਵੱਲੋਂ ਸਹਾਇਕ ਪ੍ਰੋਜੈਕਟ ਡਾਇਰੈਕਟਰ,ਸੁਡਾ ਨਾਲ ਉਕਤ ਰਾਸ਼ੀ ਪ੍ਰਾਪਤ ਕਰਨ ਲਈ ਸਪੰਰਕ ਕੀਤਾ ਗਿਆ ਤਾਂ ਉਹਨਾ ਵੱਲੋਂ ਆਪਣੇ ਮੀਮੋ ਨੰ. ਪਸੂਲਮ/3(11)/2017/9069 ਮਿਤੀ 23/02/18 ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸੈਲਟਰ ਫਾਰ ਅਰਬਨ ਹੋਮਲੈਸ ਦੇ ਓਪਰੇਸ਼ਨ ਐਂਡ ਮੈਨਟੀਨੈਂਸ ਖਰਚਾ 5 ਸਾਲ ਲਈ ਦਿੱਤਾ ਜਾਂਣਾ ਹੈ।ਜਿਸ ਅਨੁਸਾਰ ਮੋਹਾਲੀ ਦੇ 32 ਬੈਡ ਸੈਲਟਰ ਲਈ ਪ੍ਰਤੀ ਸਾਲ ਇਹ ਖਰਚਾ 3,84,000/- ਰੁਪਏ ਹੈ, ਇਸ ਸੈਲਟਰ ਲਈ ਹੁਣ ਤੱਕ ਓਪਰੇਸ਼ਨ ਐਂਡ ਮੈਨਟੀਨੈਂਸ ਖਰਚੇ ਦੇ 16,25,047/- ਰੁਪਏ ਨਗਰ ਨਿਗਮ, ਮੋਹਾਲੀ ਨੂੰ ਦਿੱਤੇ ਜਾ ਚੁੱਕੇ ਹਨ, ਜੋ ਕਿ 4 ਸਾਲਾਂ ਦੇ ਉਪਰ ਦੇ ਸਮ੍ਹੇ ਦੇ ਹਨ। ਇਸ ਪੱਤਰ ਵਿੱਚ ਇਹ ਵੀ ਦਰਜ਼ ਹੈ ਕਿ ਡੇ-ਨੂਲਮ ਗਾਇਡਲਾਇਨਜ਼ ਨੂੰ ਮੱਦੇ ਨਜ਼ਰ ਰੱਖਦਿਆ ਪਬਲਿਕ ਦੀ ਭਲਾਈ ਅਤੇ ਉਹਨਾਂ ਨੂੰ ਹੋਰ ਸਹੂਲਤਾਂ ਦੀ ਸੁਵਿਧਾ ਦੇਣ ਲਈ ਢੁੱਕਵੀਂ ਯੂਜਰ ਫੀਸ਼ ਵੀ ਰੱਖੀ ਜਾ ਸਕਦੀ ਹੈ। ਨਾਇਟ ਸੈਲਟਰ ਦੀ ਓਪਰੇਸ਼ਨ ਐਂਡ ਮੈਨਟੀਨੈਂਸ ਤੋਂ ਇਲਾਵਾ ਹੋਰ ਕੋਈ ਰਾਸ਼ੀ ਨਗਰ ਨਿਗਮ ਨੂੰ ਨਹੀ ਦਿੱਤੀ ਜਾ ਸਕਦੀ। ਉਕਤ ਪ੍ਰੋਗਰਾਮ ਤਹਿਤ ਆਏ ਖਰਚੇ 1,22,795/- ਦੀ ਅਦਾਇਗੀ ਨਗਰ ਨਿਗਮ, ਮੋਹਾਲੀ ਵੱਲੋਂ ਕੀਤੀ ਜਾਣੀ ਹੈ। ਸੋ ਉਕਤ ਖਰਚਾ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 82(3) ਅਧੀਨ ਨਗਰ ਨਿਗਮ ਤੇ ਵਾਧੂ ਬੋਝ ਕਰਾਰ ਦੇਣ ਲਈ ਰਿਪੋਰਟ ਹਾਉਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| 5 | 564 | 24.10.19 | **P/L of BC on Road Bawa White House to Airport Road, YPS Chownk to Jail Road and Sector- 66/67 dividing Road. (E/C 266.33 Lacs)** | ਸਰਬ ਸੰਮਤੀ ਨਾਲ ਪ੍ਰਵਾਨ ਹੈ। |

ਰਿਪੋਰਟ ਇੰਜੀਨੀਅਰਿੰਗ ਸ਼ਾਖਾ ਕਿ ਵਿਸ਼ੇ ਸੰਬਧੀ ਦੱਸਿਆ ਜਾਦਾ ਹੈ ਕਿ ਉਕਤ ਕੰਮ ਦਾ ਤਖਮੀਨਾ 266.33 ਲੱਖ ਦਾ ਤਿਆਰ ਕੀਤਾ ਗਿਆ ਸੀ।ਜਿਸ ਉਪਰੰਤ ਇਹ ਕੰਮ ਇਸ ਦਫਤਰ ਦੇ ਵਰਕ ਆਡਰ ਨੰ: 9/31 ਮਿਤੀ 08/08/2019 ਰਾਂਹੀ Pearls Build well infrastructure Ltd. ਨੂੰ ਰਕਮ 2,31,70,710/- ਰੁਪਏ ਵਿੱਚ ਅਲਾਟ ਕੀਤਾ ਗਿਆ ਹੈ।ਊਨ੍ਹਾਂ ਵੱਲੋ ਇਹ ਕੰਮ ਤਖਮੀਨੇਂ ਦੀ ਕਰਮ ਤੋਂ -13 % ਤੇ ਭਰਿਆ ਗਿਆ ਹੈ।ਇਸ ਕੰਮ ਵਿੱਚ ਜੋ ਤਖਮੀਨੇ ਵਿੱਚ ਲੁੱਕ ਦੇ ਰੇਟ ਲਏ ਗਏ ਸਨ ਊਨ੍ਹਾਂ ਰੇਟਾ ਅਤੇ ਕੰਮ ਕਰਨ ਦੇ ਸਮੇਂ/ ਇਨਵੋਆਇਸ ਦੇ ਰੇਟਾਂ ਵਿੱਚ ਕਾਫੀ ਅੰਤਰ ਆ ਗਿਆ ਹੈ।ਜਿਸ ਕਾਰਨ Esclation ਵੱਧ ਗਈ ਹੈ।ਜਿਸ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| Sr. No | Bitumen | Quantity | Tender ਦੇ ਸਮੇਂ ਦੇ ਰੇਟ ਸਮੇਤ GST 18% (Dt. 1/2/19) | ਕੰਮ ਕਰਨ ਦੇ ਸਮੇਂ ਦੇ ਰੇਟ ਸਮੇਤ GST 18% (Dt.16/9/19) | Difference | ਕੁੱਲ ਰਕਮ ਦਾ ਵਾਧਾ |
|---|---|---|---|---|---|---|
| 1 | VG-10 | 30 MT | 32,238/- | 35,553/- | + 3,315/- | + 99,450/- |
| 2 | VG-30 | 383 MT | 33,182/- | 36,497/- | + 3,315/- | +12,69,645/- |
| | | | | | **ਕੁੱਲ** | **+13,69,095/-** |

ਉਪਰੋਕਤ ਅਨੁਸਾਰ ਉਕਤ ਕੰਮ ਵਿੱਚ ਲਗਭਗ 13,69,095/- ਰੁਪਏ ਦਾ ਲੁੱਕ ਦੀ ਰਕਮ ਦਾ ਵਾਧਾ ਹੋਵੇਗਾ।ਉਕਤ ਕੰਮ ਨੂੰ ਜੇਕਰ ਅਲਾਟਿਡ ਰਕਮ 231,70,710/- ਤੋਂ 10% ਵਧਾਇਆ ਜਾਂਦਾ ਹੈ ਤਾਂ ਇਸ ਕੰਮ ਵਿੱਚ 23,17,071/- ਰੁਪਏ ਦਾ ਵੱਧ ਕੰਮ ਕਰਵਾਇਆ ਜਾ ਸੱਕਦਾ ਹੈ।ਇਸ ਕੰਮ ਵਿੱਚ 23,17,071/- ਰੁਪਏ ਵਿਚੋਂ 13,69,095/- ਰੁਪਏ ਲੁੱਕ ਦੀ ਐਸਕਲੇਸ਼ਨ ਤੇ ਖਰਚਾ ਆਵੇਗਾ।ਬਚਦੀ ਰਕਮ 9,47,976/- ਰੁਪਏ ਵਿਚੋਂ ਵਾਈ.ਪੀ.ਐਸ ਚੋਂਕ ਨੇੜੇ ਚੰਡੀਗੜ੍ਹ ਐਂਟਰੀ ਜਿਸ ਦੀ ਹਾਲਤ ਕਾਫੀ ਮਾੜੀ ਹੈ ਅਤੇ ਕਿਉਂ ਜ਼ੋ ਇਹ ਮੋਹਾਲੀ ਸ਼ਹਿਰ ਦੀ ਐਂਟਰੀ ਪੁਆਇੰਟ ਹੈ।ਇਸ ਲਈ ਇਸ ਸੜਕ ਤੇ ਬਚਦੀ ਰਕਮ ਵਿੱਚੋ ਬੀ.ਸੀ ਪਵਾਉਣ ਦਾ ਕੰਮ ਕਰਵਾਇਆ ਜਾ ਸਕਦਾ ਹੈ।ਸੋਂ ਉਪਰੋਕਤ ਨੂੰ ਮੁੱਖ ਰਖਦੇ ਹੋਏ ਇਹ ਕੰਮ ਅਲਾਟਿਡ ਰਕਮ ਤੋਂ 10% ਵਧਾਉਣ ਅਤੇ ਵਾਈ.ਪੀ.ਐਸ ਚੋਂਕ ਨੇੜੇ ਚੰਡੀਗੜ੍ਹ ਐਂਟਰੀ ਤੇ ਕੰਮ ਕਰਵਾਉਣ ਸਬੰਧੀ ਕੇਸ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।

<table>
<tr>
<td>6</td>
<td>565</td>
<td>24.10.19</td>
<td>

**<u>P/L of 40 MM thick BC on Sector- 67/68 Dividing Road, Sector- 68/69 Dividing Road and Gurudwara Amb Sahib Lights to Bawa White House Road.</u> (E/C 313.99 Lacs)**

ਰਿਪੋਰਟ ਇੰਜੀਨੀਅਰਿੰਗ ਸ਼ਾਖਾ ਕਿ ਵਿਸ਼ੇ ਸੰਬਧੀ ਦੱਸਿਆ ਜਾਦਾ ਹੈ ਕਿ ਉਕਤ ਕੰਮ ਦਾ ਤਖਮੀਨਾ 313.99 ਲੱਖ ਦਾ ਤਿਆਰ ਕੀਤਾ ਗਿਆ ਸੀ। ਜਿਸ ਉਪਰੰਤ ਇਹ ਕੰਮ ਇਸ ਦਫਤਰ ਦੇ ਵਰਕ ਆਡਰ ਨੰ: 10/1 ਮਿਤੀ 08/08/2019 ਰਾਂਹੀ Kher Construction ਨੂੰ ਰਕਮ 2,59,73,252/- ਰੁਪਏ ਵਿੱਚ ਅਲਾਟ ਕੀਤਾ ਗਿਆ ਹੈ। ਉਨ੍ਹਾਂ ਵੱਲੋ ਇਹ ਕੰਮ ਤਖਮੀਨੇ ਦੀ ਕਰਮ ਤੋਂ -17.28% ਤੇ ਭਰਿਆ ਗਿਆ ਹੈ। ਇਸ ਕੰਮ ਵਿੱਚ ਜੋ ਤਖਮੀਨੇ ਵਿੱਚ ਲੁੱਕ ਦੇ ਰੇਟ ਲਏ ਗਏ ਸਨ ਉਨ੍ਹਾਂ ਰੇਟਾ ਅਤੇ ਕੰਮ ਕਰਨ ਦੇ ਸਮੇਂ/ ਇਨਵੋਆਇਸ ਦੇ ਰੇਟਾਂ ਵਿੱਚ ਕਾਫੀ ਅੰਤਰ ਆ ਗਿਆ ਹੈ। ਜਿਸ ਕਾਰਨ Esclation ਵੱਧ ਗਈ ਹੈ। ਜਿਸ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-

<table>
<tr><th>Sr. No</th><th>Bitumen</th><th>Quantity</th><th>Tender ਦੇ ਸਮੇਂ ਦੇ ਰੇਟ ਸਮੇਤ GST 18% (Dt. 1/2/19)</th><th>ਕੰਮ ਕਰਨ ਦੇ ਸਮੇਂ ਦੇ ਰੇਟ ਸਮੇਤ GST 18% (Dt. 16/9/19)</th><th>Difference</th><th>ਕੁੱਲ ਰਕਮ ਦਾ ਵਾਧਾ</th></tr>
<tr><td>1</td><td>VG-10</td><td>38 MT</td><td>32,238/-</td><td>35,553/-</td><td>+ 3,315/-</td><td>+ 1,25,970/-</td></tr>
<tr><td>2</td><td>VG-30</td><td>404 MT</td><td>33,182/-</td><td>36,497/-</td><td>+ 3,315/-</td><td>+13,39,260/-</td></tr>
<tr><td colspan="6">ਕੁੱਲ</td><td>+14,65,230/-</td></tr>
</table>

ਉਪਰੋਕਤ ਅਨੁਸਾਰ ਉਕਤ ਕੰਮ ਵਿੱਚ ਲਗੱਭਗ 14,65,230/- ਰੁਪਏ ਦਾ ਲੁੱਕ ਦੀ ਰਕਮ ਦਾ ਵਾਧਾ ਹੋਵੇਗਾ। ਉਕਤ ਕੰਮ ਨੂੰ ਜੇਕਰ ਅਲਾਟਿਡ ਰਕਮ 259,73,252/- ਤੋਂ 10% ਵਧਾਇਆ ਜਾਂਦਾ ਹੈ ਤਾਂ ਇਸ ਕੰਮ ਵਿੱਚ 25,97,325/- ਰੁਪਏ ਦਾ ਵੱਧ ਕੰਮ ਕਰਵਾਇਆ ਜਾ ਸਕਦਾ ਹੈ। ਇਸ ਕੰਮ ਵਿੱਚ 25,97,325/- ਰੁਪਏ ਵਿਚੋਂ 14,65,230/- ਰੁਪਏ ਲੁੱਕ ਦੀ ਐਸਕਲੇਸ਼ਨ ਤੇ ਖਰਚਾ ਆਵੇਗਾ। ਬਚਦੀ ਰਕਮ 11,32,095/- ਰੁਪਏ ਵਿਚੋਂ ਤਖਮੀਨੇਂ ਵਿੱਚ ਲਈ ਗਈਆਂ ਸੜਕਾਂ ਦੇ ਨਾਲ ਲਗਦੀਆਂ ਸਲਿਪ ਰੋਡਾਂ (ਫੇਜ-11 ਨੇੜੇ ਲੇਬਰ ਚੋਂਕ, ਫੋਰਸਟ ਲਾਇਟਾਂ ਦੇ ਨਾਲ ਲਗਦੀਆਂ ਸਲਿਪ ਰੋਡਾਂ) ਤੇ ਕੰਮ ਕਰਵਾਇਆ ਜਾ ਸਕਦਾ ਹੈ। ਸੋਂ ਇਸ ਕੰਮ ਵਿੱਚ ਅਲਾਟਿਡ ਰਕਮ ਤੋਂ ਇਹ ਕੰਮ 25,97,325/- (10%) ਵਧਾਉਣਾ ਉਚਿਤ ਹੋਵੇਗਾ। ਸੋਂ ਉਪਰੋਕਤ ਨੂੰ ਮੁੱਖ ਰਖਦੇ ਹੋਏ ਇਹ ਕੰਮ ਅਲਾਟਿਡ ਰਕਮ ਤੋਂ 10% ਵਧਾਉਣ ਅਤੇ ਉਕਤ ਬਚਦੀ ਰਕਮ ਵਿੱਚੋ ਸਲਿਪ ਰੋਡਾਂ ਤੇ ਕੰਮ ਕਰਵਾਉਣ ਸਬੰਧੀ ਕੇਸ ਨਗਰ ਨਿਗਮ ਦੇ ਹਾਉਸ ਦੀ ਮੀਟਿੰਗ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।

</td>
<td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td>
</tr>
</table>

| | | | | |
|---|---|---|---|---|
| 7 | 566 | 24.10.19 | **Revised detailed for installing polder type pumping machinery at existing UGSR(Underground service reservoir) at water Phase-7, S.A.S Nagar**<br>(Amount = Rs. 13.25 Lac)<br><br>ਰਿਪੋਰਟ ਇੰਜੀਨੀਅਰਿੰਗ ਸਾਖਾ ਕਿ ਵਿਸੇ ਦੇ ਸਬੰਧ ਵਿਚ ਇਸ ਦਫਤਰ ਵਿਖੇ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸਨ ਮੰਡਲ 2, ਮੋਹਾਲੀ ਵਲੋ ਆਪਣੇ ਪੱਤਰ ਨੰ: 3622 ਮਿਤੀ 14-06-19 ਰਾਹੀ Rough Cost Estimate for construction of sump existing (UGSR) underground service reservoir including cost of pumping machinery etc. at water works Phase-7, S.A.S Nagar ਰਕਮ 22.05 ਲੱਖ ਰੁਪੈ ਦਾ ਤਖਮੀਨਾ ਫੰਡਜ ਉਪਲਭਦ ਕਰਾਉਣ ਅਤੇ ਪ੍ਰਸਾਸਕੀ ਪ੍ਰਵਾਨਗੀ ਦੇਣ ਹਿੱਤ ਪ੍ਰਾਪਤ ਹੋਇਆ ਹੈ ਜੋ ਕਿ ਹਾਊਸ ਦੀ ਮੀਟਿੰਗ ਵਿਚ ਮਤਾ ਨੰ: 379 ਮਿਤੀ 27-04-2018 ਰਾਹੀਂ 22,05,210/- ਲੱਖ ਰੁਪੈ ਦਾ ਪ੍ਰਵਾਨ ਹੋ ਚੁੱਕਾ ਹੈ। ਜਿਸ ਦੀ ਪ੍ਰਵਾਨਗੀ ਸਥਾਨਕ ਸਰਕਾਰ ਵਿਭਾਗ ਪੰਜਾਬ ਜੀ ਵੱਲੋਂ ਪੱਤਰ ਨੰ ਸੀ.ਈ/2018/46440 ਮਿਤੀ 16-08-18 ਰਾਂਹੀ ਤਖਮੀਨੇ ਦੀ ਸੋਧੀ ਹੋਈ ਰਕਮ 18.14 ਲੱਖ ਰੁਪੈ ਦਾ ਪ੍ਰਵਾਨ ਕੀਤਾ ਸੀ। ਹੁਣ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸਨ ਮੰਡਲ 2, ਮੋਹਾਲੀ ਵੱਲੋਂ ਪੱਤਰ ਨੰ 3622 ਮਿਤੀ 14-06-19 ਰਾਂਹੀ ਉਕਤ ਕੰਮ ਮੌਕੇ ਤੇ ਸਕੋਪ ਆਫ ਵਰਕ ਬਦਲਣ ਕਾਰਨ ਤਖਮੀਨੇ ਵਿੱਚ ਸੰਪ ਦੀ ਵਿਵਸਥਾ ਕੱਟ ਦਿੱਤੀ ਗਈ ਹੈ। ਜਿਸ ਕਾਰਨ ਇਸ ਕੰਮ ਦਾ ਰੀਵਾਈਜਡ ਤਖਮੀਨਾ ਰਕਮ 13.25 ਲੱਖ ਰੁਪੈ ਦਾ ਤਿਆਰ ਕਰਕੇ ਇਸ ਦਫਤਰ ਵਿੱਚ ਭੇਜਿਆ ਗਿਆ ਹੈ । ਉਕਤ ਵਿਭਾਗ ਵੱਲੋਂ ਆਪਣੀ ਰਿਪੋਰਟ ਵਿੱਚ ਲਿਖਿਆ ਗਿਆ ਹੈ ਨਿਗਰਾਨ ਇੰਜੀਨੀਅਰ ਜੀ ਨਾਲ ਹੋਏ ਵਿਚਾਰ ਵਟਾਦਰੇ ਨੂੰ ਧਿਆਨ ਵਿੱਚ ਰੱਖਦੇ ਹੋਏ ਸੰਪ ਦੀ ਵਿਵਸਥਾ ਤਖਮੀਨੇ ਵਿੱਚੋ ਕੱਟ ਦਿੱਤੀ ਗਈ ਹੈ। ਬਦਲੇ ਹੋਏ ਸਕੋਪ ਆਫ ਵਰਕ ਅਨੁਸਾਰ ਰਿਵਾਇਜਡ ਵਿਸਤ੍ਰਿਤ ਤਖਮੀਨਾ ਤਿਆਰ ਕੀਤਾ ਗਿਆ ਹੈ। ਜਿਸ ਦੀ ਅਨੁਮਾਨਤ ਲਾਗਮ 13 .25 ਲੱਖ ਰੁਪੈ ਆਉਂਦੀ ਹੈ। ਆਪ ਜੀ ਨੂੰ ਤਕਨੀਕੀ ਮਨਜੂਰੀ ਹਿੱਤ ਭੇਜਿਆ ਜਾਂਦਾ ਹੈ ਜੀ। ਇਥੇ ਆਪ ਜੀ ਨੂ ਇਹ ਵੀ ਦੱਸਿਆ ਜਾਦਾ ਹੈ ਕਿ ਇਸ ਕੰਮ ਦੀ ਪਹਿਲਾ ਪ੍ਰਾਪਤ ਹੋਈ ਪ੍ਰਸਾਸਕੀ ਪ੍ਰਵਾਨਗੀ ਰੱਦ ਕਰਵਾਉਣ ਲਈ ਅਤੇ ਰਿਵਾਇਜਡ ਤਖਮੀਨੇ ਦੀ ਮੁੜ ਪ੍ਰਸਾਸਕੀ ਪ੍ਰਵਾਨਗੀ ਦੇ ਦਿੱਤੀ ਜਾਵੇ ਜੀ। ਸਕੋਪ ਆਫ ਵਰਕ -ਇਸ ਰਿਵਾਇਜਡ ਤਖਮੀਨੇ ਵਿੱਚ UGSR ਲਈ polder type pump set, control panels , air valves, sluice valves, D.I lowering pipe and Flow Meter, ਆਦਿ ਦੀ ਵੀ ਵਿਵਸਥਾ ਕੀਤੀ ਗਈ ਹੈ।<br><br>ਉਪਰੋਕਤ ਤੱਥਾ ਅਤੇ ਕੰਮ ਦੀ ਮਹੱਤਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਉੱਕਤ ਕੰਮ ਦੇ ਤਖਮੀਨੇ ਦੀ ਰਕਮ 13,11,852/- ਰੁਪੈ ਅਤੇ ਐਡਰਵਰਟਾਇਜਮੈਂਟ ਚਾਰਜਸ ਦੀ ਰਕਮ 13,119/- ਰੁਪੈ ਕੁੱਲ ਰਕਮ 13,24,970/- ਰੁਪੈ ਦੀ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸਨ ਮੰਡਲ 2, ਮੋਹਾਲੀ ਨੂੰ ਫੰਡਜ ਉਪਲਭਧ ਕਰਾਉਣ ਸਬੰਧੀ ਪ੍ਰਵਾਨਗੀ ਕਮਿਸਨਰ,ਨਗਰ ਨਿਗਮ ਜੀ ਵੱਲੋਂ ਦੇਣ ਉਪਰੰਤ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ ਹੈ । | ਸਰਬ ਸੰਮਤੀ ਨਾਲ ਪ੍ਰਵਾਨ ਹੈ। |

<table>
<tr>
<td>8</td>
<td>567</td>
<td>24.10.19</td>
<td>ਇੰਜੀਨੀਅਰਿੰਗ ਸ਼ਾਖਾ ਵੱਲੋਂ ਹੇਠ ਲਿਖੇ ਤਖਮੀਨੇ ਤਿਆਰ ਕੀਤੇ ਗਏ ਹਨ, ਜੋ ਕਿ ਪ੍ਰਸ਼ਾਸ਼ਕੀ ਪ੍ਰਵਾਨਗੀ ਹਿੱਤ ਪੇਸ਼ ਹਨ:-
<table>
<tr><th>ਲੜੀ ਨੰ.</th><th>ਤਖਮੀਨੇ ਦਾ ਨਾਮ</th><th>ਅਨੁਮਾਨਤ ਲਾਗਤ (ਲੱਖਾ ਵਿੱਚ)</th></tr>
<tr><td>1</td><td>ਪ੍ਰੋਵਾਈਡਿੰਗ/ਲੇਇੰਗ ਆਫ 25ਐਮਐਮ ਥਿੱਕ ਐਸ.ਡੀ.ਬੀ.ਸੀ. ਇੰਨ ਵੈਰੀਅਸ ਏਰੀਆ ਇੰਨ ਫੇਜ਼-6, ਵਾਰਡ ਨੰ.1 ਐਂਡ 2</td><td>60.16 ਲੱਖ</td></tr>
<tr><td>2</td><td>ਰਫ ਕਾਸਟ ਐਸਟੀਮੇਟ ਫਾਰ ਲੇਇੰਗ ਆਫ ਐਸ.ਡੀ.ਬੀ.ਸੀ.ਇੰਨ ਹਾਊਸ ਨੰ.100,200 ਐਂਡ 1000 ਬਲਾਕਸ ਐਂਡ ਬੀ ਰੋਡਜ਼ ਇੰਨ ਸੈਕਟਰ-59 ਫੇਜ਼-4 ਵਾਰਡ ਨੰ.10,ਮੋਹਾਲੀ</td><td>45.03 ”</td></tr>
<tr><td>3</td><td>ਰਫ ਕਾਸਟ ਐਸਟੀਮੇਟ ਫਾਰ ਲੇਇੰਗ ਆਫ ਐਸ.ਡੀ.ਬੀ.ਸੀ.ਇੰਨ ਮਾਰਕੀਟ ਫਰੰਟ 10 ਐਂਡ 7.5 ਮਰਲਾ ਬਲਾਕਸ ਰੋਡ ਇੰਨ ਸੈਕਟਰ-59, ਫੇਜ਼-4 ਵਾਰਡ ਨੰ.11, ਮੋਹਾਲੀ।</td><td>43.78 ”</td></tr>
<tr><td>4</td><td>ਪ੍ਰੋਵਾਈਡਿੰਗ/ਲੇਇੰਗ ਆਫ ਐਸ.ਡੀ.ਬੀ.ਸੀ.25 ਐਮਐਮ ਥਿੱਕ ਵੈਰੀਅਸ ਏਰੀਆ ਇੰਨ ਵਾਰਡ ਨੰ.29 ਫੇਜ਼-11,ਮੋਹਾਲੀ</td><td>17.98 ”</td></tr>
<tr><td>5</td><td>ਪ੍ਰੋਵਾਈਡਿੰਗ/ਲੇਇੰਗ ਆਫ 25ਐਮਐਮ ਥਿੱਕ ਐਸ.ਡੀ.ਬੀ.ਸੀ. ਇੰਨ ਇੰਡ.ਏਰੀਆ ਫੇਜ਼-9 ਵਾਰਡ ਨੰ.33,ਮੋਹਾਲੀ</td><td>40.11 ”</td></tr>
<tr><td>6</td><td>ਪ੍ਰੋਵਾਈਡਿੰਗ/ਲੇਇੰਗ ਆਫ ਐਸ.ਡੀ.ਬੀ.ਸੀ.ਇੰਨ ਵਾਰਡ ਨੰ.34 ਸੈਕਟਰ-66</td><td>31.60 ”</td></tr>
<tr><td>7</td><td>ਰਫ ਕਾਸਟ ਐਸਟੀਮੈਟੀ ਫਾਰ ਪ੍ਰੋਵਾਈਡਿੰਗ/ਲੇਇੰਗ ਆਫ ਥਰਮਾਕੋਲ ਪੇਂਟ ਆਨ ਰੋਡ ਰਾਧਾ ਸਵਾਮੀ ਲਾਇੰਟਸ ਤੋਂ ਚੰਡੀਗੜ੍ਹ ਐਂਟਰੀ ਐਂਡ ਫਿਕਸਿੰਗ ਸਾਈਡ ਬੋਰਡ ਇੰਨ ਡਿਫਰੈਂਟ ਏਰੀਆ ਐਂਡ ਸਕੂਲਜ਼ ਆਫ ਸਿਟੀ ਮੋਹਾਲੀ।</td><td>45.79 ”</td></tr>
<tr><td>8</td><td>ਰਫ ਕਾਸਟ ਐਸਟੀਮੇਟ ਫਾਰ ਕੰਨਸਟਰੱਕਸ਼ਨ ਆਫ ਸਾਈਕਲ ਟਰੈਕ ਫਰਾਮ ਫੇਜ਼-11 ਸਪਾਈਸ ਚੌਕ, ਐਮ.ਸੀ.ਐਸ.ਏ.ਐਸ. ਨਗਰ</td><td>2.27 ਕਰੋੜ</td></tr>
<tr><td>9</td><td>ਰਫ ਕਾਸਟ ਐਸਟੀਮੇਟ ਫਾਰ ਡਿਵੈਲਪਮੈਂਟ ਆਫ ਰੋਡ ਬੈਕਸਾਈਡ ਸਿਵ ਟੈਂਪਲ ਇੰਨ ਵਿਲੇਜ਼ ਮਟੌਰ</td><td>35.55 ਲੱਖ</td></tr>
</table>
</td>
<td>ਸਰਬ ਸੰਮਤੀ ਨਾਲ ਪ੍ਰਵਾਨ ਹੈ। ਇਹਨਾਂ ਦੀ ਤਕਨੀਕੀ ਪ੍ਰਵਾਨਗੀ ਸਮਰੱਥ ਅਧਿਕਾਰੀ ਤੋਂ ਲੈ ਲਈ ਜਾਵੇ ਅਤੇ ਇਹਨਾਂ ਕੰਮਾਂ ਦੇ ਟੈਂਡਰ ਫੰਡਾਂ ਦੀ ਉਪਲੱਭਧਾ ਨੂੰ ਯਕੀਨੀ ਬਣਾਉਦੇ ਹੋਏ ਹੀ ਲਗਾਏ ਜਾਣ।</td>
</tr>
</table>

| | | | | |
|---|---|---|---|---|
| 9 | 568 | 24.10.19 | ਹੇਠ ਲਿਖੀਆਂ ਆਈਟਮ ਮੇਅਰ ਸਾਹਿਬ ਦੀ ਆਗਿਆ ਨਾਲ ਪੇਸ਼ ਕੀਤੀਆਂ ਗਈਆਂ:-<br>**ਸੈਕਟਰ 66 ਤੋ 69 ਅਤੇ ਸੈਕਟਰ 76 ਤੋ 80 ਦੀ ਵਾਟਰ ਸਪਲਾਈ ਸਕੀਮ ਨੂੰ ਟੇਕ ਓਵਰ ਕਰਨ ਸਬੰਧੀ।**<br><br>ਰਿਪੋਰਟ ਇੰਜੀਨੀਅਰਿੰਗ ਸ਼ਾਖ (ਓ ਐਂਡ ਐਮ.) ਕਿ ਨਗਰ ਨਿਗਮ ਵੱਲੋ ਆਪਣੇ ਮਤਾ ਨੰ 510 ਮਿਤੀ 24-06-2019 ਰਾਹੀਂ ਸੈਕਟਰ 66 ਤੋ 69 ਅਤੇ ਸੈਕਟਰ 76 ਤੋ 80 ਦੀਆਂ ਵਾਟਰ ਸਪਲਾਈਆਂ ਸਕੀਮਾਂ ਓਪਰੇਸ਼ਨ ਅਤੇ ਮੇਂਟੀਨੈਂਸ ਗਮਾਡਾ ਤੋ ਟੇਕਓਵਰ ਕਰਨ ਸਬੰਧੀ ਮਤਾ ਪ੍ਰਵਾਨ ਕੀਤਾ ਗਿਆ ਸੀ।ਜਿਸ ਦੀ ਪ੍ਰਵਾਨਗੀ ਡਾਇਰੈਕਟਰ ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ ਤੋ ਪੱਤਰ ਨੰ ਸ5-ਡਸਸ-ਮਸਸ-19/31440 ਮਿਤੀ 09-07-2019 ਰਾਹੀਂ ਪ੍ਰਾਪਤ ਹੋ ਚੁੱਕੀ ਹੈ। ਮੁੱਖ ਇੰਜੀਨੀਅਰ ਗਮਾਡਾ ਜੀ ਵੱਲੋਂ ਪੱਤਰ ਨੰ: ਗਮਾਡਾ /ਮੁੱਖ ਇੰਜੀ:/2019/43244-45 ਮਿਤੀ 25-07-19 ਰਾਂਹੀ ਇਸ ਦਫਤਰ ਨੂੰ ਲਿਖਿਆ ਗਿਆ ਸੀ ਕਿ ਵਿਸੇ ਅਧੀਨ ਸੈਕਟਰਾਂ ਦੀਆਂ ਸੀਵਰੇਜ਼ ਅਤੇ ਸਟਾਂਰਮ ਡਰੇਨੇਜ਼ ਸਕੀਮਾਂ ਨੂੰ ਵੀ ਟੇਕ ਓਵਰ ਕੀਤਾ ਜਾਵੇ। ਇਸ ਦੀ ਚਲਤ ਵਿੱਚ ਮੁੱਖ ਪ੍ਰਸ਼ਾਸਕ ਗਮਾਡਾ ਜੀ ਵੱਲੋ ਮਿਤੀ 27-08-2019 ਨੂੰ ਇਸ ਸਬੰਧੀ ਮੀਟਿੰਗ ਕੀਤੀ ਗਈ ਸੀ।ਜਿਸ ਵਿੱਚ ਇਹ ਫੈਂਸਲਾ ਲਿਆ ਗਿਆ ਸੀ ਕਿ ਸੈਕਟਰ 66 ਤੋ 69 ਦੀ ਸੀਵਰੇਜ਼ ਅਤੇ ਸਟਾਰਮ ਡਰੇਨੇਜ਼ ਨੇਟਵਰਕ ਦੀ ਸਾਂਝੇ ਤੋਰ ਤੇ ਨਿਰੀਖਣ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਦੀ ਜਾਵੇ।ਇਹਨਾਂ ਹੁਕਮਾਂ ਦੀ ਪਾਲਣਾ ਵਿੱਚ ਇਸ ਦਫਤਰ ਦੇ ਜੇ.ਈ ਸ਼੍ਰੀ ਅਕਸ਼ੇ ਸਾਮਾ, ਸ਼੍ਰੀ ਵਿਕਰਮ ਬਾਵਾ, ਸ਼੍ਰੀ ਨੰਦਨ ਬੰਸਲ, ਸਹਾਇਕ ਨਿਗਮ ਇੰਜੀਨੀਅਰ ਸ੍ਰੀ ਹਰਪ੍ਰੀਤ ਸਿੰਘ ਅਤੇ ਮਹਿਕਮਾ ਗਮਾਡਾ ਦੇ ਜੇ.ਈ ਸ਼੍ਰੀ ਵਿਜੇ ਪਾਲ ਸਿੰਘ, ਸ਼੍ਰੀ ਗੁਰਿੰਦਰ ਪਾਲ , ਸ਼੍ਰੀ ਦਲਬੀਰ ਸਿੰਘ ਅਤੇ ਉਪ ਮੰਡਲ ਇੰਜੀਨੀਅਰ ਸ੍ਰੀ ਹਿਮਾਸ਼ੂ ਵੱਲੋ ਸਾਂਝੇ ਤੋਰ ਤੇ ਨਿਰੀਖਣ ਕੀਤਾ ਗਿਆ ਜਿਸ ਦੀ ਰਿਪੋਰਟ ਹੇਠ ਲਿਖੇ ਅਨੁਸਾਰ ਹੈ।<br>**ਸੀਵਰੇਜ਼ ਨੇਟਵਰਕ**<br>1) ਸੈਕਟਰ 66:- ਇਸ ਸੈਕਟਰ ਦੇ ਸੀਵਰੇਜ਼ ਨੇਟਵਰਕ ਤੇ ਕੁਲ 152 ਮੇਨਹੋਲ ਦਰਸ਼ਾਏ ਗਏ ਸਨ।ਮੋਕੇ ਤੇ ਕੀਤੇ ਗਏ ਸਾਝੇ ਨਿਰੀਖਣ ਦੋਰਾਨ 66 ਮੇਨਹੋਲਾ ਦੀ ਹੀ ਚੈਕਿੰਗ ਸੰਭਵ ਹੋ ਪਾਈ।ਇਹਨਾਂ 66 ਮੇਨਹੋਲਾ ਵਿੱਚੋ 6 ਮੇਨਹੋਲ ਮਲਵੇ ਨਾਲ ਭਰੇ ਹੋਏ ਸਨ।86 ਮੇਨਹੋਲ ਮੋਕੇ ਤੇ ਨਹੀਂ ਲਭ ਸਕੇ।ਇਹਨਾਂ 86 ਮੇਨਹੋਲਾ ਵਿੱਚੋ ਲਗਭਗ 61 ਮੇਨਹੋਲ ਅਜਿਹੇ ਸਨ ਜ਼ੋ ਰੇਸੀਡੈਂਟਸ ਵੱਲੋ ਇੰਨਕਰੋਚ ਕੀਤੇ ਹੋਏ ਹਨ।ਮੋਕੇ ਤੇ ਚੈਕ ਕੀਤੇ ਗਏ 66 ਮੇਨਹੋਲਾ ਵਿੱਚੋ 12 ਮੇਨਹੋਲ ਅਜਿਹੇ ਪਾਏ ਗਏ ਜਿਹਨਾਂ ਵਿੱਚੋ ਓ.ਐਫ.ਸੀ ਕੇਬਲ ਲੰਘ ਰਹੀਂ ਸੀ।ਮੋਕੇ ਤੇ ਕੀਤੇ ਗਏ ਨਿਰੀਖਣ ਦੋਰਾਨ ਸਿਰਫ 44% ਮੇਨਹੋਲਾ ਦਾ ਹੀ ਨਿਰੀਖਣ ਸੰਭਵ ਹੋ ਸਕਿਆ।<br>2) ਸੈਕਟਰ 67:- ਇਸ ਸੈਕਟਰ ਦੇ ਸੀਵਰੇਜ਼ ਨੇਟਵਰਕ ਤੇ ਕੁਲ 93 ਮੇਨਹੋਲ ਦਰਸ਼ਾਏ ਗਏ ਸਨ।ਮੋਕੇ ਤੇ ਕੀਤੇ ਗਏ ਸਾਝੇ ਨਿਰੀਖਣ ਦੋਰਾਨ 37 ਮੇਨਹੋਲਾ ਦੀ ਹੀ ਚੇਕਿੰਗ ਸੰਭਵ ਹੋ ਪਾਈ।ਇਹਨਾਂ 37 ਮੇਨਹੋਲਾ ਵਿੱਚੋ 2 ਮੇਨਹੋਲ ਮਲਵੇ ਨਾਲ ਭਰੇ ਹੋਏ ਸਨ।56 ਮੇਨਹੋਲ ਮੋਕੇ ਤੇ ਨਹੀਂ ਲਭ ਸਕੇ।ਇਹਨਾਂ 56 ਮੇਨਹੋਲਾ ਵਿੱਚੋ ਲਗਭਗ 27 ਮੇਨਹੋਲ ਅਜਿਹੇ ਸਨ ਜ਼ੋ ਰੇਸੀਡੈਂਟਸ ਵੱਲੋ ਇੰਨਕਰੋਚ ਕੀਤੇ ਹੋਏ ਹਨ।ਮੋਕੇ ਤੇ ਚੈਕ ਕੀਤੇ ਗਏ 37 ਮੇਨਹੋਲਾ ਵਿੱਚੋ 3 ਮੇਨਹੋਲ ਅਜਿਹੇ ਪਾਏ ਗਏ ਜਿਹਨਾਂ ਵਿੱਚੋ ਓ.ਐਫ.ਸੀ ਕੇਬਲ ਲੰਘ ਰਹੀਂ ਸੀ।ਮੋਕੇ ਤੇ ਕੀਤੇ ਗਏ ਨਿਰੀਖਣ ਦੋਰਾਨ ਸਿਰਫ 40% ਮੇਨਹੋਲਾ ਦਾ ਹੀ ਨਿਰੀਖਣ ਸੰਭਵ ਹੋ ਸਕਿਆ।<br>3) ਸੈਕਟਰ 68:- ਇਸ ਸੈਕਟਰ ਦੇ ਸੀਵਰੇਜ਼ ਨੇਟਵਰਕ ਤੇ ਕੁਲ 184 ਮੇਨਹੋਲ ਦਰਸ਼ਾਏ ਗਏ ਸਨ।ਮੋਕੇ ਤੇ ਕੀਤੇ ਗਏ ਸਾਝੇ ਨਿਰੀਖਣ ਦੋਰਾਨ 80 ਮੇਨਹੋਲਾਂ ਦੀ ਹੀ ਚੇਕਿੰਗ ਸੰਭਵ ਹੋ ਪਾਈ।ਇਹਨਾਂ 80 ਮੇਨਹੋਲਾਂ ਵਿੱਚੋ 13 ਮੇਨਹੋਲ ਮਲਵੇ ਨਾਲ ਭਰੇ ਹੋਏ ਸਨ।104 ਮੇਨਹੋਲ ਮੋਕੇ ਤੇ ਨਹੀਂ ਲਭ ਸਕੇ।ਇਹਨਾਂ 104 ਮੇਨਹੋਲਾਂ ਵਿੱਚੋ | ਇਸ ਸਬੰਧੀ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਤਜਵੀਜ਼ ਅਨੁਸਾਰ ਵਾਟਰ ਸਪਲਾਈ ਸਕੀਮ ਨੂੰ ਟੇਕ ਓਵਰ ਕੀਤਾ ਜਾਵੇ ਅਤੇ ਇਸ ਵਿੱਚ ਜੋ ਤਰੁੱਟੀਆਂ ਹਨ, ਉਹਨਾਂ ਨੂੰ ਦੂਰ ਕਰਨ ਲਈ ਜੋ ਖਰਚਾ ਆਉਂਦਾ ਹੈ, ਉਸਦੀ ਤਜਵੀਜ ਤਿਆਰ ਕਰਕੇ ਬਣਦਾ ਫੰਡ ਗਮਾਡਾ ਤੋਂ ਵਸੂਲ ਕੀਤਾ ਜਾਵੇ। |

ਲਗਭਗ 42 ਮੇਨਹੋਲ ਅਜਿਹੇ ਸਨ ਜ਼ੋ ਰੇਸੀਡੈਂਟਂਸ ਵੱਲੋ ਇੰਨਕਰੋਚ ਕੀਤੇ ਹੋਏ ਹਨ। ਮੋਕੇ ਤੇ ਕੀਤੇ ਗਏ ਨਿਰੀਖਣ ਦੋਰਾਨ ਸਿਰਫ 44% ਮੇਨਹੋਲਾ ਦਾ ਹੀ ਨਿਰੀਖਣ ਸੰਭਵ ਹੋ ਸਕਿਆ।

4) ਸੈਕਟਰ 69:- ਇਸ ਸੈਕਟਰ ਦੇ ਸੀਵਰੇਜ਼ ਨੇਟਵਰਕ ਤੇ ਕੁਲ 295 ਮੇਨਹੋਲ ਦਰਸ਼ਾਏ ਗਏ ਸਨ।ਮੋਕੇ ਤੇ ਕੀਤੇ ਗਏ ਸਾਝੇ ਨਿਰੀਖਣ ਦੋਰਾਨ 80 ਮੇਨਹੋਲਾ ਦੀ ਹੀ ਚੇਕਿੰਗ ਸੰਭਵ ਹੋ ਪਾਈ।ਇਸ ਵਿੱਚੋ 215 ਮੇਨਹੋਲ ਮੋਕੇ ਤੇ ਨਹੀਂ ਲਭ ਸਕੇ।ਇਹਨਾਂ 215 ਮੇਨਹੋਲਾਂ ਵਿੱਚੋ ਲਗਭਗ 124 ਮੇਨਹੋਲ ਅਜਿਹੇ ਸਨ ਜ਼ੋ ਰੇਸੀਡੈਂਟਂਸ ਵੱਲੋ ਇੰਨਕਰੋਚ ਕੀਤੇ ਹੋਏ ਹਨ।ਮੋਕੇ ਤੇ ਚੈਕ ਕੀਤੇ ਗਏ 80 ਮੇਨਹੋਲਾ ਵਿੱਚੋ 9 ਮੇਨਹੋਲ ਅਜਿਹੇ ਪਾਏ ਗਏ ਜਿਹਨਾਂ ਵਿੱਚੋ ਓ.ਐਫ.ਸੀ ਕੇਬਲ ਲੰਘ ਰਹੀਂ ਸੀ।ਮੋਕੇ ਤੇ ਕੀਤੇ ਗਏ ਨਿਰੀਖਣ ਦੋਰਾਨ ਸਿਰਫ 28% ਮੇਨਹੋਲਾ ਦਾ ਹੀ ਨਿਰੀਖਣ ਸੰਭਵ ਹੋ ਸਕਿਆ।

**ਸਟਾਰਮ ਡਰੇਨੇਜ ਨੇਟਵਰਕ**

1) ਸੈਕਟਰ 66:- ਇਸ ਸੈਕਟਰ ਦੇ ਸਟਾਰਮ ਡਰੇਨੇਜ਼ ਨੇਟਵਰਕ ਤੇ ਕੁਲ 229 ਰੋਡ ਗਲੀਆ ਦਰਸ਼ਾਈਆ ਗਈਆ ਸਨ।ਮੋਕੇ ਤੇ ਕੀਤੇ ਗਏ ਸਾਝੇ ਨਿਰੀਖਣ ਦੋਰਾਨ 216 ਰੋਡ ਗਲੀਆਂ ਦੀ ਹੀ ਚੇਕਿੰਗ ਸੰਭਵ ਹੋ ਪਾਈ।ਇਹਨਾਂ 216 ਰੋਡ ਗਲੀਆ ਵਿੱਚੋ 17 ਰੋਡ ਗਲੀਆ ਮਲਵੇ ਨਾਲ ਭਰੀਆ ਹੋਈਆਂ ਸਨ।13 ਰੋਡ ਗਲੀਆ ਮੋਕੇ ਤੇ ਨਹੀਂ ਲਭ ਸਕੀਆਂ।ਇਹਨਾਂ 216 ਰੋਡ ਗਲੀਆ ਵਿੱਚੋ ਲਗਭਗ 6 ਰੋਡ ਗਲੀਆ ਅਜਿਹੀਆ ਹਨ ਜ਼ੋ ਰੇਸੀਡੈਂਟਂਸ ਵੱਲੋ ਇੰਨਕਰੋਚ ਕੀਤੀ ਗਈਆ ਹਨ।ਮੋਕੇ ਤੇ ਚੈਕ ਕੀਤੀਆਂ 216 ਰੋਡ ਗਲੀਆ ਵਿਚੋ 6 ਰੋਡ ਗਲੀਆ ਅਜਿਹੀਆਂ ਹਨ ਜਿਹਨਾਂ ਉਪਰ ਕਵਰ ਨਹੀ ਲੱਗੇ ਹੋਏ। ਇਸ ਤੋ ਇਲਾਵਾ ਨੇਟਵਰਕ ਤੇ ਕੁਲ 128 ਮੇਨਹੋਲ ਦਰਸ਼ਾਏ ਗਏ ਸਨ।ਮੋਕੇ ਤੇ ਕੀਤੇ ਗਏ ਸਾਝੇ ਨਿਰੀਖਣ ਦੋਰਾਨ 82 ਮੇਨਹੋਲਾਂ ਦੀ ਹੀ ਚੇਕਿੰਗ ਸੰਭਵ ਹੋ ਪਾਈ।ਇਹਨਾਂ 82 ਮੇਨਹੋਲ ਵਿੱਚੋ 2 ਮੇਨਹੋਲ ਮਲਵੇ ਨਾਲ ਭਰੇ ਹੋਏ ਸਨ।46 ਮੇਨਹੋਲ ਮੋਕੇ ਤੇ ਨਹੀਂ ਲਭ ਸਕੇ।ਇਹਨਾਂ 46 ਮੇਨਹੋਲ ਵਿੱਚੋ ਲਗਭਗ 2 ਮੇਨਹੋਲ ਅਜਿਹੇ ਸਨ ਜ਼ੋ ਰੇਸੀਡੈਂਟਂਸ ਵੱਲੋ ਇੰਨਕਰੋਚ ਕੀਤੀ ਗਏ ਹਨ। ਮੋਕੇ ਤੇ ਕੀਤੇ ਗਏ ਨਿਰੀਖਣ ਦੋਰਾਨ ਸਿਰਫ 64% ਮੇਨਹੋਲਾ ਦਾ ਹੀ ਨਿਰੀਖਣ ਸੰਭਵ ਹੋ ਸਕਿਆ।

2) ਸੈਕਟਰ 67:- ਇਸ ਸੈਕਟਰ ਦੇ ਸਟਾਰਮ ਡਰੇਨੇਜ਼ ਨੇਟਵਰਕ ਤੇ ਕੁਲ 117 ਰੋਡ ਗਲੀਆ ਦਰਸ਼ਾਈਆ ਗਈਆ ਸਨ।ਮੋਕੇ ਤੇ ਕੀਤੇ ਗਏ ਸਾਝੇ ਨਿਰੀਖਣ ਦੋਰਾਨ 107 ਰੋਡ ਗਲੀਆ ਦੀ ਹੀ ਚੇਕਿੰਗ ਸੰਭਵ ਹੋ ਪਾਈ। ਇਹਨਾਂ 107 ਰੋਡ ਗਲੀਆ ਵਿੱਚੋ 46 ਰੋਡ ਗਲੀਆ ਮਲਵੇ ਨਾਲ ਭਰੀਆਂ ਹੋਈਆ ਸਨ। 10 ਰੋਡ ਗਲੀਆ ਮੋਕੇ ਤੇ ਨਹੀਂ ਲਭ ਸਕੀਆਂ।ਇਹਨਾਂ 107 ਰੋਡ ਗਲੀਆ ਵਿੱਚੋ ਲਗਭਗ 12 ਰੋਡ ਗਲੀਆ ਅਜਿਹੀਆ ਸਨ ਜ਼ੋ ਰੇਸੀਡੈਂਟਂਸ ਵੱਲੋ ਇੰਨਕਰੋਚ ਕੀਤੀ ਗਈਆਂ ਹਨ।ਮੋਕੇ ਤੇ ਚੈਕ ਕੀਤੇ 107 ਰੋਡ ਗਲੀਆ ਵਿਚੋ 2 ਰੋਡ ਗਲੀਆ ਅਜਿਹੀਆ ਪਾਈਆਂ ਗਈਆ ਜਿਹਨਾਂ ਉਪਰ ਕਵਰ ਨਹੀ ਲੱਗੇ ਹੋਏ ਹਨ। ਇਸ ਤੋ ਇਲਾਵਾ ਨੇਟਵਰਕ ਤੇ ਕੁਲ 65 ਮੇਨਹੋਲ ਦਰਸ਼ਾਏ ਗਏ ਸਨ।ਮੋਕੇ ਤੇ ਕੀਤੇ ਗਏ ਸਾਝੇ ਨਿਰੀਖਣ ਦੋਰਾਨ 35 ਮੇਨਹੋਲਾਂ ਦੀ ਹੀ ਚੇਕਿੰਗ ਸੰਭਵ ਹੋ ਪਾਈ।ਇਹਨਾਂ 35 ਮੇਨਹੋਲ ਵਿੱਚੋ 1 ਮੇਨਹੋਲ ਮਲਵੇ ਨਾਲ ਭਰੇ ਹੋਏ ਸਨ। 30 ਮੇਨਹੋਲ ਮੋਕੇ ਤੇ ਨਹੀਂ ਲਭ ਸਕੇ।ਇਹਨਾਂ 30 ਮੇਨਹੋਲਾਂ ਵਿੱਚੋ ਲਗਭਗ 9 ਮੇਨਹੋਲ ਅਜਿਹੇ ਸਨ ਜ਼ੋ ਰੇਸੀਡੈਂਟਂਸ ਵੱਲੋ ਇੰਨਕਰੋਚ ਕੀਤੀ ਗਏ ਹਨ। ਮੋਕੇ ਤੇ ਕੀਤੇ ਗਏ ਨਿਰੀਖਣ ਦੋਰਾਨ ਸਿਰਫ 54% ਮੇਨਹੋਲਾ ਦਾ ਹੀ ਨਿਰੀਖਣ ਸੰਭਵ ਹੋ ਸਕਿਆ।

ਸੈਕਟਰ 68:- ਇਸ ਸੈਕਟਰ ਦੇ ਸਟਾਰਮ ਡਰੇਨੇਜ਼ ਨੇਟਵਰਕ ਤੇ ਕੁਲ 243 ਰੋਡ ਗਲੀਆਂ ਦਰਸ਼ਾਈਆਂ ਗਈਆ

ਸਨ।ਮੌਕੇ ਤੇ ਕੀਤੇ ਗਏ ਸਾਝੇ ਨਿਰੀਖਣ ਦੋਰਾਨ 210 ਰੋਡ ਗਲੀਆਂ ਦੀ ਹੀ ਚੇਕਿੰਗ ਸੰਭਵ ਹੋ ਪਾਈ। ਇਹਨਾਂ 210 ਰੋਡ ਗਲੀਆਂ ਵਿੱਚੋ ਰੋਡ ਗਲੀਆਂ 55 ਮਲਵੇ ਨਾਲ ਭਰੀਆਂ ਹੋਈਆ ਸਨ।33 ਰੋਡ ਗਲੀਆਂ ਮੋਕੇ ਤੇ ਨਹੀਂ ਲਭ ਸਕੀਆਂ।ਇਹਨਾਂ 210 ਰੋਡ ਗਲੀਆਂ ਵਿੱਚੋ ਲਗਭਗ ਰੋਡ ਗਲੀਆਂ 20 ਅਜਿਹੀਆ ਸਨ ਜ਼ੋ ਰੇਸੀਡੈਂਟਸ ਵੱਲੋ ਇੰਨਕਰੋਚ ਕੀਤੀ ਗਈਆ ਹਨ।ਮੋਕੇ ਤੇ ਚੈਕ ਕੀਤੀਆਂ ਗਈਆ 210 ਰੋਡ ਗਲੀਆਂ ਵਿਚੋ ਰੋਡ ਗਲੀਆਂ 2 ਅਜਿਹੀਆ ਪਾਈਆਂ ਗਈਆਂ ਜਿਹਨਾਂ ਉਪਰ ਕਵਰ ਨਹੀ ਲੱਗੇ ਹੋਏ ਹਨ ਅਤੇ 13 ਰੋਡ ਗਲੀਆਂ ਮੌਕੇ ਤੇ ਟੁੱਟੀਆ ਹੋਈਆ ਹਨ। ਇਸ ਤੋ ਇਲਾਵਾ ਨੇਟਵਰਕ ਤੇ ਕੁਲ 136 ਮੇਨਹੋਲ ਦਰਸ਼ਾਏ ਗਏ ਸਨ।ਮੋਕੇ ਤੇ ਕੀਤੇ ਗਏ ਸਾਝੇ ਨਿਰੀਖਣ ਦੋਰਾਨ 49 ਮੇਨਹੋਲਾਂ ਦੀ ਹੀ ਚੇਕਿੰਗ ਸੰਭਵ ਹੋ ਪਾਈ।ਇਹਨਾਂ 49 ਮੇਨਹੋਲ ਵਿੱਚੋ 3 ਮੇਨਹੋਲ ਮਲਵੇ ਨਾਲ ਭਰੇ ਹੋਏ ਸਨ।87 ਮੇਨਹੋਲ ਮੋਕੇ ਤੇ ਨਹੀਂ ਲਭ ਸਕੇ।ਇਹਨਾਂ 87 ਮੇਨਹੋਲ ਵਿੱਚੋ ਲਗਭਗ 10 ਮੇਨਹੋਲ ਅਜਿਹੇ ਸਨ ਜ਼ੋ ਰੇਸੀਡੈਂਟਸ ਵੱਲੋ ਇੰਨਕਰੋਚ ਕੀਤੀ ਗਏ ਹਨ। ਮੋਕੇ ਤੇ ਚੈਕ ਕੀਤੇ ਗਏ 49 ਮੇਨਹੋਲਾ ਵਿੱਚੋ 1 ਮੇਨਹੋਲ ਅਜਿਹਾ ਪਾਇਆ ਗਿਆ ਜਿਸ ਵਿਚੋ ਪਾਣੀ ਦੀ ਲਾਇ ਨ ਲੰਘ ਰਹੀ ਸੀ। ਮੋਕੇ ਤੇ ਕੀਤੇ ਗਏ ਨਿਰੀਖਣ ਦੋਰਾਨ ਸਿਰਫ 36% ਮੇਨਹੋਲਾ ਦਾ ਹੀ ਨਿਰੀਖਣ ਸੰਭਵ ਹੋ ਸਕਿਆ।

3) ਸੈਕਟਰ 69:-ਇਸ ਸੈਕਟਰ ਦੇ ਨੇਟਵਰਕ ਤੇ ਕੁਲ 493 ਰੋਡ ਗਲੀਆ ਦਰਸ਼ਾਈਆਂ ਗਈਆਂ ਸਨ।ਮੋਕੇ ਤੇ ਕੀਤੇ ਗਏ ਸਾਝੇ ਨਿਰੀਖਣ ਦੋਰਾਨ 491 ਰੋਡ ਗਲੀਆਂ ਦੀ ਹੀ ਚੇਕਿੰਗ ਸੰਭਵ ਹੋ ਪਾਈ। ਇਹਨਾਂ 491 ਰੋਡ ਗਲੀਆਂ ਵਿੱਚੋ 57 ਰੋਡ ਗਲੀਆਂ ਮਲਵੇ ਨਾਲ ਭਰੀਆਂ ਹੋਈਆਂ ਸਨ। 2 ਰੋਡ ਗਲੀਆਂ ਮੋਕੇ ਤੇ ਨਹੀਂ ਲਭ ਸਕੀਆਂ।ਇਹਨਾਂ 491 ਰੋਡ ਗਲੀਆਂ ਵਿੱਚੋ ਲਗਭਗ 96 ਰੋਡ ਗਲੀਆਂ ਅਜਿਹੀਆਂ ਸਨ ਜ਼ੋ ਰੇਜੀਡੈਂਟਸ ਵੱਲੋ ਇੰਨਕਰੋਚ ਕੀਤੀ ਗ ਈਆਂ ਹਨ।ਮੋਕੇ ਤੇ ਚੈਕ ਕੀਤੇ 491 ਰੋਡ ਗਲੀਆਂ ਵਿਚੋ 2 ਰੋਡ ਗਲੀਆਂ ਉਪਰ ਕਵਰ ਨਹੀ ਲੱਗੇ ਹੋਏ ਹਨ। 491 ਰੋਡ ਗਲੀਆਂ ਵਿੱਚੋ 3 ਰੋਡ ਗਲੀਆਂ ਅਜਿਹੀਆਂ ਪਾਈਆਂ ਗਈਆ ਹਨ ਜਿਹਨਾਂ ਵਿਚੋ ਪਾਣੀ ਦੀ ਲਾਇਨ ਲੰਘ ਰਹੀ ਹੈ, ਇੱਕ ਰੋਡ ਗਲੀ ਵਿਚ ਸੀਵਰ ਦੀ ਲਾਇਨ ਲੰਘ ਰਹੀ ਹੈ ਅਤੇ 1 ਮੇਨਹੋਲ ਵਿਚੋ ਪਾਣੀ ਦੀ ਲਾਇਨ ਲੰਘ ਰਹੀ ਹੈ। ਇਸ ਤੋ ਇਲਾਵਾ ਨੇਟਵਰਕ ਤੇ ਕੁਲ 205 ਮੇਨਹੋਲ ਦਰਸ਼ਾਏ ਗਏ ਸਨ।ਮੋਕੇ ਤੇ ਕੀਤੇ ਗਏ ਸਾਝੇ ਨਿਰੀਖਣ ਦੋਰਾਨ 143 ਮੇਨਹੋਲਾਂ ਦੀ ਹੀ ਚੈਕਿੰਗ ਸੰਭਵ ਹੋ ਪਾਈ।ਇਹਨਾਂ 143 ਮੇਨਹੋਲ ਵਿੱਚੋ 7 ਮੇਨਹੋਲ ਮਲਵੇ ਨਾਲ ਭਰੇ ਹੋਏ ਸਨ। 62 ਮੇਨਹੋਲ ਮੋਕੇ ਤੇ ਨਹੀਂ ਲਭ ਸਕੇ।ਇਹਨਾਂ 62 ਮੇਨਹੋਲ ਵਿੱਚੋ ਲਗਭਗ 50 ਮੇਨਹੋਲ ਅਜਿਹੇ ਸਨ ਜ਼ੋ ਰੇਸੀਡੈਂਟਸ ਵੱਲੋ ਇੰਨਕਰੋਚ ਕੀਤੇ ਗਏ ਹਨ। ਮੋਕੇ ਤੇ ਕੀਤੇ ਗਏ ਨਿਰੀਖਣ ਦੋਰਾਨ ਸਿਰਫ 70% ਮੇਨਹੋਲਾ ਦਾ ਹੀ ਨਿਰੀਖਣ ਸੰਭਵ ਹੋ ਸਕਿਆ।

**ਸੀਵਰੇਜ਼ ਟਰੀਟਮੈਂਟ ਪਲਾਂਟ**

ਗਮਾਡਾ ਵੱਲੋਂ ਸੈਕਟਰ 83 ਵਿਖੇ ਸੀਵਰੇਜ਼ ਟਰੀਟਮੈਂਟ ਪਲਾਂਟ ਲਗਾਇਆ ਗਿਆ ਹੈ। ਇਹ ਪਲਾਂਟ ਸਾਲ 2009 ਵਿੱਚ ਲਗਾਇਆ ਗਿਆ ਸੀ। ਇਸ ਪਲਾਂਟ ਦੀ ਮੌਜੂਦ ਸਮਰਥਾ 10 ਐਮ.ਜੀ.ਡੀ (45 ਐਮ.ਐਲ.ਡੀ) ਹੈ। ਇਸ ਸਮੇਂ ਮਿਉਂਸਪਲ ਹਦੂਦ ਅੰਦਰ ਨਗਰ ਨਿਗਮ, ਪੰਜਾਬ ਵਾਟਰ ਸਪਲਾਈ ਅਤੇ ਸੈਨੀਟੇਸਨ ਵਿਭਾਗ, ਗਮਾਡਾ ਅਤੇ ਪੀ.ਐਸ.ਆਈ.ਈ. ਸੀ ਵੱਲੋਂ ਮੇਨਟੇਨ ਕੀਤੇ ਜਾ ਰਹੇ ਏਰੀਏ ਵਿੱਚ ਲਗਭਗ 21 ਐਮ.ਜੀ.ਡੀ ਪਾਣੀ ਪ੍ਰਤੀ ਦਿਨ ਸਪਲਾਈ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸਹਿਰ ਵਿੱਚ ਨਵੇਂ ਟਿਊਬਵੈੱਲ ਵੀ ਲਗਾਏ ਜਾ ਰਹੇ ਹਨ ਜਿਸ ਨਾਲ ਇਹ ਖਪਤ ਹੋਰ ਵਧਣ ਦੀ ਸੰਭਾਵਨਾ ਹੈ। ਇਸ ਲਈ ਮੌਜੂਦਾ ਪਾਣੀ ਦੀ ਖਪਤ ਨੂੰ ਦੇਖਦੇ ਹੋਏ ਐਸ.ਟੀ.ਪੀ ਦੀ ਸਮਰਥਾ ਕਾਫੀ ਘੱਟ ਹੈ।

<table>
<tr><td></td><td></td><td></td><td>ਉਪਰੋਕਤ ਤੋਂ ਇਲਾਵਾ ਇਹ ਵੀ ਦੱਸਿਆ ਜਾਂਦਾ ਹੈ ਕਿ ਗਮਾਡਾ ਵੱਲੋਂ ਸੈਕਟਰ 68 ਦੇ ਕੁਝ ਏਰੀਏ ਦੀਆਂ ਡਰਾਂਇੰਗਾ ਮੁੱਹਈਆ ਨਹੀਂ ਕਰਵਾਈਆ ਗਈਆਂ ਹਨ। ਇਸ ਏਰੀਏ ਤੋਂ ਇਲਾਵਾ ਸੈਕਟਰ 66, 67, 68 ਅਤੇ 69 ਦੇ ਸੀਵਰੇਜ਼ ਅਤੇ ਸਟਾਰਮ ਡਰੇਨੇਜ਼ ਨੇਟਵਰਕ ਦੇ ਕੀਤੇ ਗਏ ਸਰਵੇ ਦੀ ਰਿਪੋਰਟ ਦੀ ਜਾਣਕਾਰੀ ਦਿੰਦੇ ਹੋਏ ਉਕਤ ਏਰੀਏ ਦਾ ਸੀਵਰੇਜ ਅਤੇ ਸਟਾਰਮ ਨੈਟਵਰਕ ਟੇਕ ਓਵਰ ਕਰਨ ਲਈ ਫੈਸਲਾ ਲੈਣ ਹਿੱਤ ਕੇਸ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ।</td><td></td></tr>
<tr><td>10</td><td>569</td><td>24.10.19</td><td><u>ਸੋਲਿਡ ਵੇਸਟ ਮੈਨੇਜਮੈਂਟ ਐਂਡ ਕਲੀਨੈਂਸ ਐਂਡ ਸੈਨੀਟੇਸ਼ਨ ਬਾਏ ਲਾਜ 2019 ਨੋਟੀਫਾਈ ਕਰਨ ਸਬੰਧੀ।</u><br><br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 399 (2) ਦੇ ਤਹਿਤ ਸੋਲਿਡ ਵੇਸਟ ਮੈਨੇਜਮੈਂਟ ਐਂਡ ਕਲੀਨੈਂਸ ਐਂਡ ਸੈਨੀਟੇਸ਼ਨ ਬਾਏ ਲਾਜ 2019 ਤਿਆਰ ਕਰਨ ਲਈ ਬਾਈ ਲਾਜ ਦਾ ਖਰੜਾ ਪੰਜਾਬ ਦੀਆਂ ਸਮੂਹ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਭੇਜਿਆ ਗਿਆ ਸੀ।ਜਿਸ ਤੇ ਕਾਰਵਾਈ ਕਰਦੇ ਹੋਏ ਇਸ ਨਗਰ ਨਿਗਮ ਵੱਲੋਂ ਮਤਾ ਨੰ: 558 ਮਿਤੀ 10.09.2019 ਰਾਹੀਂ ਫੈਸਲਾ ਕੀਤਾ ਗਿਆ ਸੀ ਕਿ ਨਗਰ ਨਿਗਮ ਵੱਲੋਂ ਸਰਕਾਰ ਨੂੰ ਪ੍ਰਾਪਤ ਸੋਲਿਡ ਵੇਸਟ ਮੈਨੇਜਮੈਂਟ ਐਂਡ ਕਲੀਨੈਂਸ ਐਂਡ ਸੈਨੀਟੇਸ਼ਨ ਬਾਏ ਲਾਜ 2019 ਦੇ ਅਨੈਕਸਚਰ-ਏ ਵਿੱਚ ਦਰਸਾਏ ਗਏ ਯੂਜਰ ਚਾਰਜਿਸ ਨੂੰ ਛੱਡ ਕੇ ਬਾਕੀ ਦੇ ਖਰੜੇ ਨੂੰ ਮੂਲ ਰੂਪ ਵਿੱਚ ਪ੍ਰਵਾਨ ਕਰ ਲਿਆ ਜਾਵੇ ਅਤੇ ਯੂਜਰ ਚਾਰਜਿਜ ਨਗਰ ਨਿਗਮ ਵੱਲੋਂ ਪਹਿਲਾਂ ਨੋਟੀਫਿਕੇਸ਼ਨ ਨੰ: 1369 ਮਿਤੀ 03.06.2019 ਰਾਹੀਂ ਨੋਟੀਫਾਈ ਕਰਵਾਏ ਹੀ ਰੱਖੇ ਜਾਣ ਅਤੇ ਇਸ ਸਬੰਧੀ ਪਬਲਿਕ ਤੋਂ ਇਤਰਾਜ ਮੰਗੇ ਜਾਣ। ਨਗਰ ਨਿਗਮ ਵੱਲੋਂ ਪਾਸ ਕੀਤੇ ਇਸ ਮਤੇ ਦੇ ਮੱਦੇ ਨਜਰ ਨਗਰ ਨਿਗਮ ਵੱਲੋਂ ਅੰਗਰੇਜੀ ਦੇ ਅਖਬਾਰ ਦਾ ਟ੍ਰਿਬਿਊਨ ਅਤੇ ਪੰਜਾਬੀ ਦੇ ਅਖਬਾਰ ਅਜੀਤ ਵਿੱਚ ਪਬਲਿਕ ਨੋਟਿਸ ਪ੍ਰਕਾਸ਼ਿਤ ਕਰਵਾ ਕੇ ਆਮ ਜਨਤਾ ਤੋਂ ਇਤਰਾਜ/ ਸੁਝਾਅ ਮੰਗੇ ਗਏ ਸਨ। ਮਿੱਥੇ ਸਮੇਂ ਦੌਰਾਨ ਸਿਰਫ ਇੱਕ ਵਿਅਕਤੀ ਸ੍ਰੀ ਹਰਭਜਨ ਸਿੰਘ, ਵਾਸੀ ਮਕਾਨ ਨੰ: 1020, ਸੈਕਟਰ-67, ਐਸ.ਏ. ਐਸ.ਨਗਰ ਵੱਲੋਂ ਸੁਝਾਅ ਦਿੱਤੇ ਗਏ ਹਨ, ਜੋ ਕਿ ਹੇਠ ਲਿਖੇ ਅਨੁਸਾਰ ਹੈ:-<br><br>1. ਨਗਰ ਨਿਗਮ ਵੱਲੋਂ ਸਰਕਾਰ ਤੋਂ ਪ੍ਰਾਪਤ ਸੋਲਿਡ ਵੇਸਟ ਮੈਨੇਜਮੈਂਟ ਐਂਡ ਕਲੀਨੈਂਸ ਐਂਡ ਸੈਨੀਟੇਸ਼ਨ ਬਾਏ ਲਾਜ 2019 ਦੇ ਖਰੜੇ ਦੇ ਅਨੈਕਸਚਰ-ਏ ਦੇ ਭਾਗ-II ਵਿੱਚ ਪਬਲਿਕ ਥਾਵਾਂ ਤੇ ਪਬਲਿਕ ਗੈਦਰਿੰਗ/ ਪ੍ਰੋਸੈਸ਼ਨ ਆਦਿ ਲਈ ਨਿਰਧਾਰਤ ਚਾਰਜਿਸ ਮਤਾ ਨੰ: 558 ਮਿਤੀ 10.09.2019 ਵਿੱਚ ਸ਼ਾਮਿਲ ਨਹੀਂ ਕੀਤੇ ਗਏ ਹਨ। ਇਸ ਲਈ ਅਜਿਹੇ ਪ੍ਰੋਗਰਾਮਾਂ ਲਈ ਹੇਠ ਲਿਖੇ ਅਨੁਸਾਰ ਚਾਰਜਿਜ ਨਿਰਧਾਰਤ ਕੀਤੇ ਜਾਣ।<br><br><table><tr><td>ਲੜੀ ਨੰ:</td><td>ਕੈਟਾਗਿਰੀ ਆਫ ਯੂਜਰਸ</td><td>ਪ੍ਰਤੀ ਫੰਕਸ਼ਨ/ਗੈਦਰਿੰਗ ਰੇਟ</td></tr><tr><td>1</td><td>1000 ਤੱਕ ਵਿਅਕਤੀਆਂ ਦੀ ਇਕੱਠ</td><td>5000/-</td></tr><tr><td>2</td><td>1001 ਤੋਂ 5000 ਤੱਕ</td><td>10,000/-</td></tr><tr><td>3</td><td>5001 ਤੋਂ 10000 ਤੱਕ</td><td>20,000/-</td></tr><tr><td>4</td><td>10000 ਤੋਂ ਵੱਧ</td><td>40,000/-</td></tr></table></td><td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td></tr>
</table>

ਉਕਤ ਚਾਰਜਿਜ ਸਰਕਾਰ ਵੱਲੋਂ ਜਾਰੀ ਸੋਲਿਡ ਵੇਸਟ ਮੈਨੇਜਮੈਂਟ ਐਂਡ ਕਲੀਨੈਂਸ ਐਂਡ ਸੈਨੀਟੇਸ਼ਨ ਬਾਏ ਲਾਜ 2019 ਦੇ ਖਰੜੇ ਵਿੱਚ ਪਹਿਲਾਂ ਹੀ ਸ਼ਾਮਲ ਹਨ।ਇਸ ਲਈ ਇਸ ਸੁਝਾਅ ਦੀ ਕੋਈ ਮਹੱਤਤਾ ਨਹੀਂ ਰਹਿ ਜਾਂਦੀ ਅਤੇ ਇਸ ਨੂੰ ਰੱਦ ਕਰਨਾ ਬਣਦਾ ਹੈ।

2. ਨਗਰ ਨਿਗਮ ਨੂੰ ਸਰਕਾਰ ਤੋਂ ਪ੍ਰਾਪਤ ਪਬਲਿਕ ਸੋਲਿਡ ਵੇਸਟ ਮੈਨੇਜਮੈਂਟ ਐਂਡ ਕਲੀਨੈਂਸ ਐਂਡ ਸੈਨੀਟੇਸ਼ਨ ਬਾਏ ਲਾਜ 2019 ਦੇ ਅਨੈਕਸਚਰ-ਏ ਦੇ ਭਾਗ-II ਦੇ ਅੰਤ ਵਿੱਚ ਇੰਨਫਾਰਮਲ ਸੈਕਟਰ/ਪ੍ਰਾਈਵੇਟ ਵਿਅਕਤੀਆਂ ਵੱਲੋਂ ਡੋਰ ਟੂ ਡੋਰ ਕੁਲੈਕਸ਼ਨ ਕੀਤੇ ਜਾਣ ਦੇ ਕੇਸ ਵਿੱਚ ਯੂਜਰ ਚਾਰਜਿਜ ਦਾ 25% ਜਾਂ 25 ਰੁਪਏ ਜੋ ਵੀ ਵੱਧ ਹੋਵੇ ਉਹ ਸ਼ਹਿਰੀ ਸਥਾਨਕ ਸੰਸਥਾ ਵੱਲੋਂ ਵੇਸਟ ਪ੍ਰੋਸੈਸਿੰਗ ਯੂਨਿਟਾਂ ਦੇ ਓ ਐਂਡ ਐਮ ਲਈ ਇਕੱਠੇ ਕੀਤੇ ਜਾਣ ਦੀ ਤਜਵੀਜ ਸ਼ਾਮਿਲ ਕੀਤੀ ਗਈ ਹੈ।ਇਹ ਤਜਵੀਜ ਜਾਇਜ ਨਹੀਂ ਹੈ ਕਿਉਂਕਿ ਇਸ ਤਰ੍ਹਾਂ ਯੂਜਰ ਚਾਰਜਿਜ ਕਾਫੀ ਜਿਆਦਾ ਵੱਧ ਜਾਣਗੇ ਅਤੇ ਲੋਕਾਂ ਤੇ ਵਾਧੂ ਵਿੱਤੀ ਬੋਝ ਪਵੇਗਾ।

3. ਨਗਰ ਨਿਗਮ ਨੂੰ ਸਰਕਾਰ ਤੋਂ ਪ੍ਰਾਪਤ ਪਬਲਿਕ ਸੋਲਿਡ ਵੇਸਟ ਮੈਨੇਜਮੈਂਟ ਐਂਡ ਕਲੀਨੈਂਸ ਐਂਡ ਸੈਨੀਟੇਸ਼ਨ ਬਾਏ ਲਾਜ 2019 ਦੇ ਅਨੈਕਸਚਰ-ਬੀ ਵਿੱਚ ਕਿਸੇ ਵੱਲੋਂ ਬਾਏ ਲਾਜ ਦੀਆਂ ਵੱਖ-ਵੱਖ ਤਰ੍ਹਾਂ ਦੀਆਂ ਉਲੰਘਣਾਵਾਂ ਕਰਨ ਤੋਂ ਲਗਾਇਆ ਜਾਣ ਵਾਲਾ ਜੁਰਮਾਨਾ ਨਿਰਧਾਰਤ ਕੀਤਾ ਗਿਆ ਹੈ, ਪ੍ਰੰਤੂ ਇਥੇ ਇਹ ਨਹੀਂ ਦਰਸਾਇਆ ਗਿਆ ਕਿ ਜੇਕਰ ਕੋਈ ਵਿਅਕਤੀ ਬਾਈਲਾਜ ਦੀ ਇੱਕ ਤੋਂ ਵੱਧ ਵਾਰ ਉਲੰਘਣਾ ਕਰਦਾ ਹੈ ਤਾਂ ਜੁਰਮਾਨਾ ਕਿੰਨਾ ਹੋਵੇਗਾ। ਇਸ ਲਈ ਸੁਝਾਅ ਪੇਸ਼ ਕੀਤਾ ਜਾਂਦਾ ਹੈ ਕਿ ਕਿਸੇ ਵੀ ਵਿਅਕਤੀ/ਅਦਾਰੇ ਵੱਲੋਂ ਬਾਈਲਾਜ ਦੀ ਉਲੰਘਣਾ ਇੱਕ ਤੋਂ ਵੱਧ ਵਾਰ ਕਰਨ ਤੇ ਉਸ ਤੋਂ ਹਰ ਵਾਰ ਨਿਰਧਾਰਤ ਕੀਤੇ ਜੁਰਮਾਨੇ ਦਾ ਦੋ ਗੁਣਾ ਵਸੂਲ ਕੀਤਾ ਜਾਵੇ।

ਇਸ ਸੁਝਾਅ ਦੇ ਲਾਗੂ ਕਰਨ ਨਾਲ ਪਬਲਿਕ ਤੇ ਵਾਧੂ ਵਿੱਤੀ ਬੋਝ ਪਵੇਗਾ। ਇਸ ਲਈ ਪਬਲਿਕ ਹਿੱਤ ਵਿੱਚ ਇਸ ਸੁਝਾਅ ਨੂੰ ਖਾਰਜ ਕਰਨਾ ਯੋਗ ਹੋਵੇਗਾ।

4. ਨਗਰ ਨਿਗਮ ਵੱਲੋਂ ਨੋਟੀਫਿਕੇਸ਼ਨ ਨੰ: 1369 ਮਿਤੀ 03.06.2019 ਰਾਹੀਂ ਯੋਗ ਯੂਜਰ ਚਾਰਜਿਜ ਨਿਰਧਾਰਤ ਕੀਤੇ ਹੋਏ ਹਨ। ਉਨ੍ਹਾਂ ਵਿੱਚ ਸਟਰੀਟ ਵੈਂਡਰਜ ਲਈ ਕੋਈ ਚਾਰਜਿਜ ਨਿਰਧਾਰਤ ਨਹੀਂ ਕੀਤੇ ਗਏ ਹਨ, ਜਦ ਕਿ ਇਨ੍ਹਾਂ ਵੱਲੋਂ ਵੀ ਕਾਫੀ ਕੂੜਾ ਕਰਕਟ ਪੈਦਾ ਕੀਤਾ ਜਾਂਦਾ ਹੈ। ਇਸ ਲਈ ਜਾਰੀ ਕੀਤੇ ਜਾਣ ਵਾਲੇ ਨੋਟੀਫਿਕੇਸ਼ਨ ਵਿੱਚ ਸਟਰੀਟ ਵੈਂਡਰਜ ਲਈ ਯੂਜਰ ਚਾਰਜਿਜ 100 ਰੁਪਏ ਪ੍ਰਤੀ ਮਹੀਨਾ ਨਿਰਧਾਰਤ ਕੀਤੇ ਜਾਣ।

ਇਹ ਸੁਝਾਅ ਕਾਫੀ ਹੱਦ ਤੱਕ ਸਹੀ ਹਨ। ਇਸ ਲਈ ਇਨ੍ਹਾਂ ਨੂੰ ਸਵੀਕਾਰ ਕਰਨਾ ਬਣਦਾ ਹੈ।

ਉਕਤ ਰਿਪੋਰਟ ਅਨੁਸਾਰ ਸਰਕਾਰ ਵੱਲੋਂ ਸੋਲਿਡ ਵੇਸਟ ਮੈਨੇਜਮੈਂਟ ਐਂਡ ਕਲੀਨੈਂਸ ਐਂਡ ਸੈਨੀਟੇਸ਼ਨ ਬਾਏ ਲਾਜ 2019 ਬਾਈਲਾਜ ਉਕਤ ਦਰਸਾਈਆਂ ਸੋਧਾਂ/ਤਬਦੀਲੀਆਂ (ਯੂਜਰ ਚਾਰਜਿਜ ਨਗਰ ਨਿਗਮ ਵੱਲੋਂ ਪਹਿਲਾਂ ਨੋਟੀਫਿਕੇਸ਼ਨ ਨੰ: 1369 ਮਿਤੀ 03.06.2019 ਰਾਹੀਂ ਨੋਟੀਫਿਕੇਸ਼ਨ ਕਰਵਾਏ ਹੀ ਰੱਖਦੇ ਹੋਏ ਅਤੇ ਉਕਤ ਪ੍ਰਾਪਤ ਸੁਝਾਅ ਸ਼ਾਮਲ ਕਰਦੇ ਹੋਏ) ਸਮੇਤ ਅੰਤਮ ਪ੍ਰਵਾਨਗੀ ਲਈ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।

| | | | | |
|---|---|---|---|---|
| 11 | 570 | 24.10.19 | **ਤਹਿਬਜਾਰੀ / ਇੰਫੋਰਸਮੈਂਟ ਸ਼ਾਖਾ ਲਈ ਟਰੱਕ ਦੀ ਖਰੀਦ ਕਰਨ ਸਬੰਧੀ।**<br>ਰਿਪੋਰਟ ਸੁਪਰਡੰਟ(ਤਹਿਬਜਾਰੀ ਸ਼ਾਖਾ) ਕਿ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਦੀ ਇੰਫੋਰਸਮੈਂਟ/ ਤਹਿਬਜਾਰੀ ਸ਼ਾਖਾ ਬਹੁਤ ਹੀ ਅਹਿਮ ਸ਼ਾਖਾ ਹੈ। ਇੰਫੋਰਸਮੈਂਟ ਟੀਮ ਵੱਲੋਂ ਸ਼ਹਿਰ ਵਿੱਚੋਂ ਆਰਜੀ ਨਜਾਇਜ ਕਬਜੇ ਹਟਾਏ ਜਾਂਦੇ ਹਨ, ਟੀਮ ਵੱਲੋਂ ਅਕਸਰ ਸ਼ਾਮ 5:00 ਵਜੇ ਤੋਂ ਬਾਅਦ ਵੀ ਡਰਾਈਵ ਚਲਾਕੇ ਸ਼ਹਿਰ ਦੇ ਵੱਖ-ਵੱਖ ਸੈਕਟਰਾਂ/ ਫੇਜਾਂ ਵਿੱਚੋਂ ਨਜਾਇਜ ਕਬਜੇ ਹਟਾਏ ਜਾਂਦੇ ਹਨ।<br>ਇਥੇ ਦੱਸਿਆ ਜਾਂਦਾ ਹੈ ਕਿ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਇੰਫੋਰਸਮੈਂਟ/ ਤਹਿਬਜਾਰੀ ਦੇ ਕੰਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਸ਼ਹਿਰ ਨੂੰ ਤਿੰਨ ਜੋਨਾਂ ਵਿੱਚ ਵੰਡਕੇ ਹਰ ਇੱਕ ਜੋਨ ਲਈ ਇੱਕ ਟੀਮ ਦਾ ਗਠਨ ਕੀਤਾ ਗਿਆ ਹੈ। ਕਮਿਸ਼ਨਰ ਜੀ ਨਾਲ ਕੀਤੇ ਗਏ ਵਿਚਾਰ-ਵਟਾਂਦਰੇ ਅਨੁਸਾਰ ਹਰ ਇੱਕ ਟੀਮ ਲਈ ਘੱਟੋ-ਘੱਟ ਇੱਕ ਗੱਡੀ ਲੋੜੀਂਦੀ ਹੈ ਤਾਂ ਜੋ ਸ਼ਹਿਰ ਵਿੱਚੋਂ ਆਰਜੀ ਨਜਾਇਜ ਕਬਜੇ ਹਟਾਉਣ ਅਤੇ ਸ਼ਹਿਰ ਦੀ ਦਿਖ ਨੂੰ ਸਾਫ-ਸੁਥਰਾ ਬਨਾਉਣ ਲਈ ਟੀਮਾਂ ਵੱਲੋਂ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕੀਤਾ ਜਾ ਸਕੇ।<br>ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਮਾਰਕੀਟ ਵਿੱਚੋਂ ਅਤੇ Gem Portal ਤੋਂ ਪਤਾ ਕੀਤਾ ਗਿਆ ਆਇਸ਼ਰ ਕੰਪਨੀ ਦਾ ਨਵਾਂ ਟਰੱਕ (Model Pro 1075) ਖਰੀਦਣ ਲਈ 14.00 ਲੱਖ ਰੁਪਏ ਖਰਚਾ ਆਉਣ ਦੀ ਸੰਭਾਵਨਾ ਹੈ। ਇਸ ਲਈ ਇੰਫੋਰਸਮੈਂਟ ਸ਼ਾਖਾ ਲਈ ਇੱਕ ਆਇਸ਼ਰ ਟਰੱਕ ਖਰੀਦ ਕਰਨ ਤੇ ਆਉਣ ਵਾਲੇ ਖਰਚੇ (10,55,936/-) ਅਤੇ ਬਾਕੀ ਖਰਚੇ ਜਿਵੇ ਕਿ ਇਨਸ਼ੋਰੈਂਸ, ਆਰ.ਸੀ., ਆਰਜੀ ਨੰਬਰ, ਕਾਓ ਸੈਸ ਆਦਿ ਤੇ ਕੁੱਲ 14.00 ਲੱਖ ਰੁਪਏ ਦੀ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਪ੍ਰਵਾਨ ਹੈ। |
| 12 | 571 | 24.10.19 | **Request for Maintenances take care of park situated in sector-70, near Government High School Matour.**<br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਬਾਗਬਾਨੀ) ਕਿ The People's Social Welfare Association Society Regd. ਵੱਲੋਂ ਬੇਨਤੀ ਪੱਤਰ ਪ੍ਰਾਪਤ ਹੋਇਆ ਹੈ। ਇਹ ਐਸੋਸੀਏਸ਼ਨ ਪਾਰਕ ਨੂੰ ਆਪਣੇ ਪੱਧਰ ਤੇ ਮੈਨਟੇਨ ਕਰਨ ਲਈ ਨਗਰ ਨਿਗਮ ਨਾਲ ਇਕਰਾਰਨਾਮਾ ਕਰਨਾ ਚਾਹੁੰਦੀ ਹੈ।ਜਿਸ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-<br><br>ਲੜੀ ਨੰ: \| ਐਸੋਸੀਏਸ਼ਨ \| ਸੈਕਟਰ/ਫੇਜ \| ਪਾਰਕ ਨੰ: \| ਏਰੀਆ (SQM)<br> \| The People's Social Welfare Association \| Sector-70 \| 1 \| 3866<br><br>ਉਕਤ ਐਸੋਸੀਏਸ਼ਨਾ ਵੱਲੋਂ ਪਾਰਕ ਨੰ: 1 ਨੇੜੇ Government High School, Matour, ਸੈਕਟਰ-70 ਦੀ ਸਾਂਭ ਸੰਭਾਲ ਕਰਨਾ ਚਾਹੁੰਦੇ ਹਨ।ਉਕਤ ਐਸੋਸੀਏਸ਼ਨ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਾਰਕ ਦੇ ਰੱਖ ਰਖਾਵ ਲਈ 2.45/-ਰੁਪਏ ਸਕੇਅਰ ਮੀਟਰ ਦੇ ਹਿਸਾਬ ਨਾਲ ਅਦਾਇਗੀ ਕੀਤੀ ਜਾਵੇਗੀ।ਰਿਪੋਰਟ ਕਮਿਸ਼ਨਰ,ਨਗਰ ਨਿਗਮ ਜੀ ਦੀ ਪ੍ਰਵਾਨਗੀ ਤੋਂ ਬਾਅਦ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| 13 | 572 | 24.10.19 | **14ਵੇਂ ਵਿੱਤ ਕਮਿਸ਼ਨ ਵੱਲੋਂ ਪ੍ਰਾਪਤ ਕੀਤੇ ਫੰਡਾਂ ਵਿੱਚੋਂ ਖਰਚਾ ਪ੍ਰਵਾਨ ਕਰਨ ਬਾਰੇ।**<br><br>ਰਿਪੋਰਟ ਲੇਖਾਕਾਰ ਗਰੇਡ-1 (ਲੇਖਾ ਸ਼ਾਖਾ) ਕਿ ਨਗਰ ਨਿਗਮ, ਐਸ.ਏ.ਐਸ.ਨਗਰ ਵੱਲੋਂ ਵਿੱਤੀ ਸਾਲ 2019-20 ਲਈ ਮਾਹ ਸਤੰਬਰ, 2019 ਤੱਕ ਪ੍ਰਾਪਤ ਕੀਤੀ ਆਮਦਨ ਅਤੇ ਖਰਚ ਕੀਤੇ ਗਏ ਵੱਖ-ਵੱਖ ਮੱਦ ਅਧੀਨ ਸਟੇਟਮੈਂਟ ਤਿਆਰ ਕੀਤੀ ਗਈ ਹੈ।ਇਸ ਸਬੰਧੀ ਵਿਸ਼ੇਸ਼ ਤੌਰ ਤੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਨਾਲ-ਕਮਿਟਿਡ ਖਰਚੇ ਹੈਡ ਅਧੀਨ ਕੰਸਟਰਕਸ਼ਨ ਆਫ ਫੁੱਟਪਾਥ ਲਈ ਪ੍ਰਵਾਨਿਤ ਬਜਟ 1500 ਲੱਖ ਰੁਪਏ ਵਿੱਚੋਂ 1188.14 ਲੱਖ ਰੁਪਏ ਮਿਤੀ 30.09.2019 ਤੱਕ ਖਰਚ ਹੋ ਚੁੱਕੇ ਹਨ ਅਤੇ ਲੱਗਭਗ 1331.62 ਲੱਖ ਰੁਪਏ ਮਿਤੀ 18.10.2019 ਤੱਕ ਖਰਚ ਹੋ ਚੁੱਕੇ ਹਨ ਅਤੇ ਇਸ ਮੱਦ ਅਧੀਨ ਆਉਣ ਵਾਲੇ ਸਮੇਂ ਵਿੱਚ ਖਰਚਾ ਹੋਰ ਵੱਧ ਹੋਣ ਦੀ ਸੰਭਾਵਨਾ ਹੈ।<br>ਇਸ ਲਈ ਇਸ ਸਬੰਧ ਵਿੱਚ ਦੱਸਣਾ ਯੋਗ ਹੋਵੇਗਾ ਕਿ 14ਵੇਂ ਵਿੱਤ ਕਮਿਸ਼ਨ ਦੀ ਹਦਾਇਤਾਂ ਨੰ:13(32) FFC/FCD/2015-16 (GOI) Ministry of finance (Deptt. of Expenditure) ਦੀ ਗਾਈਡ-ਲਾਈਨਜ ਅਨੁਸਾਰ 14ਵੇਂ ਵਿੱਤ ਕਮਿਸ਼ਨ ਵਜੋਂ ਪ੍ਰਾਪਤ ਕੀਤੇ ਜਾਂਦੇ ਫੰਡਾਂ ਵਿੱਚੋਂ ਨਗਰ ਨਿਗਮ ਵੱਲੋਂ ਕੀਤੇ ਜਾਣ ਵਾਲੇ basic services ਜਿਵੇਂ ਕਿ ਵਾਟਰ ਸਪਲਾਈ, ਸੈਨੀਟੇਸ਼ਨ (ਸੈਪਟਿਕ ਮੈਨੇਜਮੈਂਟ ਸਹਿਤ), ਸੀਵਰੇਜ ਅਤੇ ਸੋਲਿਡ ਵੇਸਟ ਮੈਨੇਜਮੈਂਟ, ਸਟੋਰਮ ਵਾਟਰ ਡਰੇਨੇਜ, ਕਮਿਊਨਿਟੀ ਐਸਟਸ ਦੀ ਮੇਨਟੀਨੈਂਸ, ਰੋਡਜ ਮੇਨਟੀਨੈਂਸ, ਫੁੱਟਪਾਥ, ਸਟਰੀਟ ਲਾਈਟਿੰਗ, ਬੁਰੀਅਲ ਅਤੇ ਕਰੇਮੇਸ਼ਨ ਗਰਾਂਉਂਡ ਅਤੇ ਹੋਰ ਬੇਸਿਕ ਸਰਵਿਸਜ ਨਗਰ ਨਿਗਮ, ਐਸ.ਏ.ਐਸ.ਨਗਰ ਦੀ ਲਿਮਟ ਵਿੱਚ ਪੈਂਦੇ ਏਰੀਏ ਨਾਲ ਸਬੰਧਤ ਤੇ ਖਰਚ ਕੀਤੇ ਜਾ ਸਕਦੇ ਹਨ।<br>ਇਸ ਲਈ 14ਵੇਂ ਵਿੱਤ ਕਮਿਸ਼ਨ ਵਜੋਂ ਪ੍ਰਾਪਤ ਕੀਤੀ ਗਈ ਗਰਾਂਟ ਦੀ ਰਕਮ 11.00 ਕਰੋੜ ਰੁਪਏ ਵਿੱਚੋਂ ਕੰਸਟਰਕਸ਼ਨ ਆਫ ਫੁੱਟਪਾਥ ਤੇ ਲੱਗਭਗ 40% ਅਤੇ ਬਾਕੀ ਦੀ ਬਚਦੀ ਰਕਮ ਵਿੱਚੋਂ ਵਿਕਾਸ ਦੇ ਕੰਮਾਂ ਨੂੰ ਮੁੱਖ ਰੱਖਦੇ ਹੋਏ ਅਤੇ ਲੋੜ ਅਨੁਸਾਰ ਉਕਤ ਮੱਦਾਂ ਤੇ ਖਰਚਾ ਕਰਨਾ ਯੋਗ ਹੋਵੇਗਾ।ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ, ਐਸ.ਏ.ਐਸ.ਨਗਰ ਦੀ ਸਪੈਸ਼ਲ ਮੀਟਿੰਗ (ਬਜਟ ਮੀਟਿੰਗ) ਮਿਤੀ 05.03.2019 ਦੇ ਮਤਾ ਨੰ: 490 ਰਾਹੀਂ ਵਿਕਾਸ ਦੇ ਕੰਮਾਂ ਲਈ 14ਵੇਂ ਵਿੱਤ ਕਮਿਸ਼ਨ ਤੋਂ ਪ੍ਰਾਪਤ ਹੋਣ ਵਾਲੀ ਗਰਾਟ ਵਿੱਚੋਂ ਖਰਚ ਕਰਨ ਲਈ ਤਜਵੀਜ ਪੇਸ਼ ਕੀਤੀ ਹੈ,ਜੋ ਕਿ ਹਾਊਸ ਵੱਲੋਂ ਸਰਬ-ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ ਹੈ ਅਤੇ ਸਰਕਾਰ ਦੇ ਪੱਤਰ ਨੰ: ਲੇਖਾਕਾਰ 6-ਉਕਵਲ-ਡਸਸ-(ਨਿਗਮ/454/63)-19/23274 ਮਿਤੀ 22.05.2019 ਰਾਹੀਂ ਇਸ ਮਤਾ ਨੰ: 490 ਮਿਤੀ 05.03.2019 ਦੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ।ਸੋ 14ਵੇਂ ਵਿੱਤ ਕਮਿਸ਼ਨ ਗਰਾਂਟ ਵਜੋਂ ਪ੍ਰਾਪਤ ਰਕਮ ਵਿੱਚੋਂ ਨਗਰ ਨਿਗਮ, ਐਸ.ਏ.ਐਸ.ਨਗਰ ਦੇ ਕਰਵਾਏ ਜਾਣ ਵਾਲੇ ਸਿਵਲ ਕੰਮਾਂ ਲਈ ਖਰਚਾ ਕਰਨ ਲਈ ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਪ੍ਰਵਾਨ ਹੈ। |

ਸਹੀ/
ਮੇਅਰ
ਨਗਰ ਨਿਗਮ,
ਐਸ.ਏ.ਐਸ ਨਗਰ